Prof. Dr. Harnam Singh Shan
Principal Project Investigator
U.G C. Research Project on Sikhism
605, Sector 16, Chandigarh.

ੴ ਸਤਿਗੁਰ ਪ੍ਰਸਾਦਿ ॥

ਚਹੁੰ ਜੁਗਾਂ ਦਾ ਨਬੇੜਾ

ਅਤੇ

Prof Dr. Harnam Singh Shan
Principal Project Investigator
U.G C. Research Project on Sikhism
605, Sector 16, Chandigarh.

ਖਾਲਸਾ ਪੰਥ ਦੀ ਹੋ ਰਹੀ

ਦੁਰਦਸ਼ਾ

ਲੇਖਕ :

ਕਪੂਰ ਸਿੰਘ (ਸਾਬਿਕ) ਆਈ. ਸੀ. ਐਸ., ਐਮ. ਪੀ.

Sri Satguru Jagjit Singh Ji eLibrary NamdhariElibrary@gmail.com

Prof D Harnam Singh Shan
Princ... Investigator
U.G.C. ... Jcct o Sikhism
605, Secto... ...ndigarh

www.archive.org/details/namdhari

'ਕੁਝ ਸ਼ਬਦ'

ਸਿਖ ਪੰਥ ਦੀ ਅਜੋਕੀ ਦੁਰਦਸ਼ਾ ਤੇ' ਹਰ ਪੰਥ ਦਰਦੀ ਦੁਖਿਤ ਹੈ । ਸ: ਕਪੂਰ ਸਿੰਘ ਸਭ ਨਾਲੋਂ ਵਧੇਰੇ ਚਿੰਤਤ ਹਨ । ਉਹਨਾਂ ਦੀ ਚਿੰਤਾ ਦੇ ਗੰਭੀਰ ਪ੍ਰੀਣਾਮ ਹਨ ਜਿਨ੍ਹਾਂ ਨੂੰ ਅਖੋਂ ਪਰੋਖੇ ਕਰਨਾ ਪਹਾੜ ਜਿੱਡੀ ਗ਼ਲਤੀ ਕਰਨ ਦੇ ਤੁਲ ਹੈ ਕਿਉਂਕਿ ਸ: ਕਪੂਰ ਸਿੰਘ ਇਕ ਸਾਧਾਰਨ ਵਿਅਕਤੀ ਨਹੀਂ ਹਨ । ਵਰਤਮਾਨ ਬੌਧਿਕ ਯੁਗ ਵਿਚ ਸਰਦਾਰ ਕਪੂਰ ਸਿੰਘ ਵਰਗਾ ਮਹਾਨ ਚਿੰਤਕ, ਦਰਸ਼ਨ-ਵੇਤਾ, ਅਨੁਭਵੀ ਤੇ ਗੁਰਮਤ ਦਾ ਵਿਆਖਿਆਕਾਰ ਸਿਖਾਂ ਪਾਸ ਵਿਰਲਾ ਹੀ ਹੈ । ਵਿਸ਼ੇਸ਼ਤਾ ਦੀ ਗੱਲ ਇਹ ਹੈ ਕਿ ਉਹਨਾਂ ਨੇ ਆਪਣੇ ਜੀਵਨ ਆਦਰਸ਼ਾਂ ਲਈ ਹਰ ਔਕੜ ਤੇ ਕੁਰਬਾਨੀ ਨੂੰ ਖਿੜੇ ਮਥੇ ਪਰਵਾਨ ਕੀਤਾ ਹੈ । ਆਪਣੇ ਨਾਲ ਸਮੇਂ ਸਮੇਂ ਹੋਏ ਅਨਿਆਂ ਦੇ ਬਾਵਜੂਦ ਉਹਨਾਂ ਦੀ ਸੋਚ ਸੁਤੰਤਰ ਤੇ ਸੁਭਾ ਸਹਿਜ-ਸਥਿਤ ਹੈ । ਜਦੋਂ ਮੈਂ ਆਪ ਦਾ ਇਹ ਲੇਖ ਪੰਥ ਪ੍ਰਕਾਸ਼ ਵਿਚ ਪੜ੍ਹਿਆ ਤਾਂ ਮੈਂ ਦਿੱਲੀ ਸਾਂ । ਸੁਭਾਗ ਹੀ ਸਰਦਾਰ ਜੀ ਵੀ ਦਿੱਲੀ ਆਏ ਸਨ । ਬਾਬਾ ਜਸਵੰਤ ਸਿੰਘ ਤੇ ਹੋਰ ਸਾਂਝੇ ਮਿੱਤਰਾਂ ਦੇ ਇਕੱਠ ਵਿਚ ਮੈਨੂੰ ਸਰਦਾਰ ਜੀ ਨਾਲ ਪੰਥਕ ਸਮੱਸਿਆਵਾਂ ਤੇ ਵੀਚਾਰ ਕਰਨ ਦਾ ਸਮਾਂ ਮਿਲਿਆ । ਦਿੱਲੀ ਦੇ ਹੋਟਲ ਵਿਚ ਤਿੰਨ ਘੰਟੇ ਦੀ ਲਗਾਤਾਰ ਵੀਚਾਰ ਸਮੇਂ ਮੇਰਾ ਖਿਆਲ ਅਚੇਤ ਹੀ 2400 ਸਾਲ ਪੁਰਾਣੇ ਯੂਨਾਨੀ ਚਿੰਤਕ ਸੁਕਰਾਤ ਦੇ ਜੀਵਨ ਵੱਲ ਚਲਾ ਜਾਂਦਾ ਸੀ । ਮੈਨੂੰ ਪਰਤੀਤ ਹੁੰਦਾ ਕਿ ਜਿਵੇਂ ਅਸੀਂ ਦਰਸ਼ਨ ਤੇ ਅਧਿਆਤਮਵਾਦ ਦੇ ਪਿਤਾਮਾ ਸੁਕਰਾਤ ਦੀ ਅਕਾਡਮੀ ਵਿਚ ਬੈਠੇ ਸਮਕਾਲੀ ਜੀਵਨ ਤੇ ਆਪਣੀ ਅੰਤਰ ਆਤਮਾ ਬਾਰੇ ਇਕ ਦ੍ਰਿਸ਼-ਜੋਤੀ ਦਾ ਪ੍ਰਕਾਸ਼ ਮਾਣ ਰਹੇ ਹਾਂ । ਸ: ਕਪੂਰ ਸਿੰਘ ਨੂੰ ਪੰਥ ਵਿਚ ਅੱਜ ਓਹੀ ਸਥਾਨ ਪ੍ਰਾਪਤ ਹੈ ਪ੍ਰੰਤੂ ਸੁਕਰਾਤ ਵਾਂਗ ਹੀ ਉਹਨਾਂ ਦੇ ਜੀਵਨ ਦਾ ਦੁਖਦਾਈ ਪੱਖ ਵੀ ਹੈ ਜਿਸ ਤੇ ਸਾਨੂੰ ਆਪਣਿਆਂ ਨਾਲ ਰੋਸ ਹੈ । ਏਥੇ ਇਕ ਪਰਮਾਣ ਦੇਣਾ ਉਚਿਤ ਸਮਝਦਾ ਹਾਂ । ਜਦੋਂ Athens ਦਾ ਸਮਾਜਕ ਜੀਵਨ ਪਤਨਤਾ ਨੂੰ ਪੁਜ ਗਿਆ, ਆਗੂ ਆਚਰਨਹੀਣ ਤੇ ਸਦਾਚਾਰਕ ਕੀਮਤਾਂ ਤੋਂ ਸੱਖਣਾ ਹੋ ਗਏ, ਅਨਪੜ੍ਹ ਤੇ ਗੰਵਾਰਾਂ ਦੇ ਹੱਥ Athens ਦੀ ਤਕਦੀਰ ਚਲੀ ਗਈ ਤਾਂ ਸੁਕਰਾਤ ਛੋਟੀਆਂ ਮਹਿਫਲਾਂ

Sri Satguru Jagjit Singh Ji eLibrary NamdhariElibrary@gmail.com

ਵਿਚ, ਆਮ ਅਦਾਰਿਆਂ ਵਿਚ, ਗਲੀ ਬਾਜ਼ਾਰ ਦੇ ਇਕੱਠਾਂ ਵਿਚ ਤੇ ਹੋਟਲਾਂ ਆਦਿ ਵਿਚ ਇਕੱਤ੍ਰ ਹੋਏ ਦੇਸ਼ ਵਾਸੀਆਂ ਨੂੰ ਪ੍ਰਛਦਾ :-ਧਰਮ ਕੀ ਹੈ ? ਹੱਕ ਕੀ ਹੈ ? ਰਾਜਨੀਤੀ ਕੀ ਹੈ ? ਸੱਚ ਤੇ ਇਨਸਾਫ ਕਿਸ ਨੂੰ ਆਖਦੇ ਹਨ ? ਕੀ ਤੁਸੀਂ ਸਚੇ ਵਿਦਿਵਾਨ ਹੋ, ਵਕਤਾ ਤੇ ਅਧਿਆਪਕ ਹੋ ? ਸੰਤ ਜਾਂ ਅਧਿਆਤਮਵਾਦੀ ਹੋ ? ਨੀਤੀਵਾਨ ਤੇ ਸੂਰਮੇ ਹੋ ? ਅਸਲ ਵਿਚ ਇਹ ਸੁਕਰਾਤ ਦੀ ਦੇਸ਼ ਵਾਸੀਆਂ ਨੂੰ ਵੰਗਾਰ ਸੀ । ਆਪਣੇ ਅੰਦਰ ਝਾਤੀ ਮਾਰਨ ਦੀ, ਆਪੇ ਦੀ ਸੋਝੀ ਵਾਸਤੇ, ਆਪਣੇ ਅੰਦਰੋਂ ਗੁਣਾਂ ਨੂੰ ਲਭਣ ਲਈ ਤੇ ਕੌਮ ਦੀ ਭਲਾਈ ਲਈ । ਅੱਜ ਕਲ ਤੁਹਾਨੂੰ ਚੰਡੀਗੜ੍ਹ, ਦਿਲੀ ਜਾਂ ਹੋਰ ਅਨੇਕ ਥਾਵਾਂ ਤੇ ਸ: ਕਪੂਰ ਸਿੰਘ ਸਿਖ ਨੌਜਵਾਨਾਂ, ਪ੍ਰੋਫੈਸਰਾਂ, ਵਕੀਲਾਂ, ਨੀਤੀਵਾਨਾਂ ਨੂੰ ਇਸ ਤਰ੍ਹਾਂ ਸੰਬੋਧਨ ਕਰਦੇ ਮਿਲਣਗੇ ।

ਸੁਕਰਾਤ ਦਾ ਅੰਤ ਕੀ ਹੋਇਆ । ਇਕ ਸਵੇਰ ਉਸ ਵਿਰੁਧ ਇਹ ਦੋਸ਼ ਉਸਦੀ ਕੌਮ ਦੇ ਆਗੂਆਂ ਨੇ ਲਾ ਕੇ ਮੌਤ ਦੀ ਸਜ਼ਾ ਸੁਣਾਈ :—

Socrates is guilty of crime : first for not worshipping the gods whom the city worships, but introducing new divinities of his own ; next, for corrupting the youth. The penalty due is-death. ਇਕ ਚਮੜੇ ਦੇ ਸੁਦਾਗਰ Anytus ਨਾਮੀ ਸੱਜਣ ਦੀ ਸ਼ਕਾਇਤ ਉਤੇ ਕਿ ਸੁਕਰਾਤ ਉਸਦੇ ਪੁਤਰ ਨੂੰ ਚਮੜਾ ਰੰਗਣ ਦੀ ਬਜਾਏ ਗਿਆਨ ਪ੍ਰਾਪਤੀ ਲਈ ਉਕਸਾਂਦਾ ਹੈ ਇਸ ਲਈ ਸੁਕਰਾਤ ਮੌਤ ਦਾ ਭਾਗੀ ਹੈ । ਸੋ ਸੁਕਰਾਤ ਨਾਲ ਜੋ ਹੋਈ ਉਸਨੂੰ ਅੰਗਰੇਜ਼ੀ ਸ਼ਬਦਾਂ ਵਿਚ ਕਿਹਾ ਗਿਆ "It was a case of leather against learning. And leather won".

ਮੈਂ ਸਿਖ ਕੌਮ ਦੀ ਵਰਤਮਾਨ ਸਥਿਤੀ ਵਿਚ ਉਪਰੋਕਤ ਸਮਾਨ-ਭਾਵ ਅਨੁਭਵ ਕਰਦਾ ਹਾਂ । ਮੈਂ ਸ: ਕਪੂਰ ਸਿੰਘ ਹੁਰਾਂ ਦੇ ਸੰਬਾਦ ਦਾ ਕੋਈ ਉਤਰ ਨਹੀਂ ਦਿਤਾ । ਖਾਮੋਸ਼ ਉਹਨਾਂ ਨੂੰ ਸੁਣ ਕੇ ਆਪਣੇ ਤੇ ਆਪਣੀ ਕੌਮ ਦੀ ਦਸ਼ਾ ਤੇ ਪਸ਼ੇਮਾਨ ਹੋ ਰਿਹਾ ਸਾਂ । ਮੈਨੂੰ ਅਕਾਲੀ ਰਾਜਨੀਤੀ ਦਾ ਪਿਛਲੇ 20 ਸਾਲਾਂ ਤੋਂ ਨਿਝੀ ਅਨੁਭਵ ਹੈ । ਮਾਸਟਰ ਜੀ ਦੀ ਚੜ੍ਹਦੀ ਕਲਾ, ਢਹਿੰਦੀ ਕਲਾ, ਸੰਤ ਫਤਹ ਸਿੰਘ ਹੁਰਾਂ ਦਾ ਵੱਧਦਾ ਪਰਭਾਵ ਤੇ ਪੰਥ ਦੀ ਅਜੋਕੀ ਫੁਟ ਮੈਂ ਇਸ ਬਾਰੇ ਬਹੁਤ ਕੁਝ ਨੇੜਿਉਂ ਵੇਖਿਆ ਹੈ । ਜੋ ਮੇਰੇ ਇਸ ਲੇਖ ਦਾ ਵਿਸ਼ਾ ਨਹੀਂ । ਕੌਮੀ ਜੀਵਨ ਦੇ ਅਨੇਕ ਪੱਖ ਹਨ ਪ੍ਰੰਤੂ ਰਾਜਨੀਤਕ ਪੱਖ ਵਰਤਮਾਨ ਯੁਗ ਵਿਚ ਸਰੇਸ਼ਟ ਤੇ ਮਹੱਤਵਪੂਰਨ ਪੱਖ ਹੈ । ਅਜੋਕੇ ਸਮੇਂ ਵਿਚ ਸ਼ਰੋਮਣੀ ਅਕਾਲੀ ਦਲ ਹੀ ਸਿਖ ਕੌਮ ਦੀ ਪ੍ਰਤੀਨਿਧ ਰਾਜਸੀ ਪਾਰਟੀ ਹੈ । ਅਕਾਲੀ ਰਾਜਨੀਤੀ ਦੇ ਪਿਛਲੇ ਪੰਜਾਹ ਸਾਲ ਇਤਿਹਾਸਕ ਮਹਾਨਤਾ ਦਾ ਸਮਾਂ ਸੀ ਜਦ ਕਿ ਪੰਥਕ ਭਵਿਖਤ ਨਾਲ ਸਬੰਧਤ ਰਾਜਸੀ ਫੈਸਲੇ ਹੋਏ ਪਰੰਤੂ

Sri Satguru Jagjit Singh Ji eLibrary NamdhariElibrary@gmail.com

Prof. Dr. Harnam Singh Shan
Principal Project Investigator
U.G.C. Research Project on Sikhism
605, Sector 16 Chandigarh

ਅਕਾਲੀ ਰਾਜਨੀਤੀ ਤੇ ਆਗੂ ਧੁੰਦਲੇਪਨ ਤੇ ਅਸਪਸ਼ਟਤਾ ਦੇ ਸ਼ਿਕਾਰ ਹੋ ਗਏ ਤੇ ਕੌਮ ਦਾ ਭਵਿਖਤ ਹੋਰ ਵੀ ਤਾਰੀਕ ਹੋ ਗਿਆ । ਅੱਜ ਅਸੀਂ ਇਸ ਮੋੜ ਤੇ ਪੁਜ ਗਏ ਹਾਂ ਕਿ ਸਾਡੀ ਸਿਧਾਂਤਕ ਸੋਚ ਵਿਚੋਂ ਸਾਡੀ ਪਰੰਪਰਾ, ਇਤਿਹਾਸ, ਧਾਰਮਕ ਹਸਤੀ ਤੇ ਵੱਖਰੇ ਵਿਅਕਤਿਤੱਵ ਦਾ ਅਹਿਸਾਸ ਖਤਮ ਕਰਨ ਦੀ ਰਾਜਸੀ ਚਾਲ ਚਲੀ ਜਾ ਰਹੀ ਹੈ । ਸਾਡੇ ਆਗੂ ਇਸ ਸਾਜਸ਼ ਦਾ ਸ਼ਿਕਾਰ ਹੋ ਰਹੇ ਹਨ । ਅਕਾਲੀ ਦੱਲ ਦੀ ਫੁਟ ਬੀਜ ਰੂਪ ਵਿਚ ਸਿਧਾਂਤਕ ਹੁੰਦੀ ਹੋਈ ਵੀ ਜ਼ਾਤੀ ਹੱਦਾਂ ਬੰਨੇ ਤੇ ਕੰਧਾਂ ਉਸਾਰਨ ਕਾਰਨ ਹੋਰ ਗੰਭੀਰ ਹੋ ਗਈ ਹੈ । ਅਜੇਹੀ ਅਵੱਸਥਾ ਵਿਚ ਅਵੇਸਲੇ ਹੋਣਾ ਆਪਣੀ ਹਸਤੀ ਨੂੰ ਅਜਾਈਂ ਗਵਾਉਣ ਤੇ ਮੌਤ ਨੂੰ ਵਾਜਾਂ ਮਾਰਨਾ ਹੈ ।

ਸਾਡੀ ਪ੍ਰਥਮ ਲੋੜ ਅਕਾਲੀ ਰਾਜਨੀਤੀ ਦੀ ਬੁਨਿਆਦੀ ਪ੍ਰੀਭਾਸ਼ਾ ਨੂੰ ਸਪਸ਼ਟ ਕਰਨਾ ਤੇ ਉਸ ਉਤੇ ਦ੍ਰਿੜ੍ਹ ਵਿਸ਼ਵਾਸ਼ ਕਰਨਾ ਹੈ । ਮੇਰੇ ਵਿਚਾਰ ਅਨੁਸਾਰ ਅਕਾਲੀ ਦੱਲ ਦਾ ਮੁਢਲਾ ਸਿਧਾਂਤ ਸਿਖ ਕੌਮ ਦੀ ਅੱਡਰੀ ਤੇ ਵੱਖਰੀ ਹੱਸਤੀ ਨੂੰ ਤਸਲੀਮ ਕਰਦੇ ਹੋਏ ਅਜੇਹੇ ਦੇਸ਼ ਕਾਲ ਦੀ ਸਥਾਪਨਾ ਹੈ ਜਿਸ ਵਿਚ ਸਾਡਾ ਕੌਮੀ ਜਜ਼ਬਾ ਸੁਰਖਿਅਤ ਰਹੇ ਤੇ ਆਸਾਨੀ ਨਾਲ ਵੱਧ ਫੁਲ ਸਕੇ । ਇਸ ਭਾਵ ਨੂੰ ਸ: ਕਪੂਰ ਸਿੰਘ ਜੀ ਨੇ ''ਸਿਖ ਹੋਮਲੈਂਡ'' ਤੇ ''ਖਾਲਸੇ ਜੀ ਕੇ ਬੋਲ ਬਾਲੇ'' ਸ਼ਬਦਾਂ ਵਿਚ ਅੰਕਤ ਕੀਤਾ ਹੈ । ਜੇ ਅਕਾਲੀ ਦਲ ਇਸ ਹੱਕ ਤੇ ਅਸੂਲ ਨੂੰ ਤਲਾਂਜਲੀ ਦਿੰਦਾ ਹੈ ਤਾਂ ਘਟੋ ਘੱਟ ਉਹ ਸਿਖਾਂ ਦਾ ਰਾਜਸੀ ਦਲ ਨਹੀਂ ਰਹੇਗਾ । ਬਹੁਤ ਸਮੇਂ ਤੱਕ ਪੰਜਾਬੀ ਸੂਬੇ ਦੇ ਸੰਗਰਾਮ ਨੇ ਸਿਖਾਂ ਨੂੰ ਇਸ ਰਾਜਸੀ ਸੂਝ ਬੂਝ ਤੋਂ ਦੂਰ ਰਖਿਆ ਹੈ । ਹੁਣ ਇਸ ਤੋਂ ਬਗੈਰ ਸਿਖਾਂ ਦਾ ਰਾਜਸੀ ਮਨੋਰਥ ਹੋਰ ਬਣ ਹੀ ਨਹੀਂ ਸਕਦਾ । ਅਕਾਲੀ ਆਗੂਆਂ ਨੂੰ ਇਸ ਕਸਵੱਟੀ ਤੇ ਪ੍ਰੀਖਿਆ ਦੇਣੀ ਪਵੇਗੀ ।

ਸਾਡੀ ਦੂਸਰੀ ਲੋੜ ਪੰਥਕ ਏਕਤਾ ਦੀ ਹੈ । ਸਿਧਾਂਤਕ ਸਾਂਝ ਤੇ ਗੁਣਾਂ ਦੀ ਸਾਂਝ ਹੀ ਗੁਰਮਤ ਵਿਚ ਸਥਾਈ ਸਾਂਝ ਹੈ । ਸਾਨੂੰ ਸ਼ੀਘਰ ਹੀ ਪਿਛਲੇ ਦੁਖਦਾਈ ਕਾਂਡ ਭੁਲ ਕੇ, ਵਿਸ਼ਾਲਚਿਤ ਹੋ ਕੇ ਅਕਾਲੀ ਆਗੂਆਂ ਦਾ ਸਾਂਝਾ ਸਮੇਲਨ ਬੁਲਾਉਣ ਦੀ ਲੋੜ ਹੈ । ਜਦੋਂ ਸਿਧਾਂਤਾਂ ਦਾ ਨਿਰਣਾ ਹੋ ਜਾਵੇ ਤਾਂ ਲੀਡਰਸ਼ਿਪ ਦਾ ਮਸਲਾ ਹੱਲ ਹੋ ਜਾਵੇਗਾ । ਮੈਂ ਸਮਝਦਾ ਹਾਂ ਕਿ ਸੰਤ ਫਤਹ ਸਿਘ ਹੁਰਾਂ ਪਾਸੋਂ ਪੰਥ ਦੀ ਮਹਾਨ ਸੇਵਾ ਪ੍ਰਾਪਤ ਹੋ ਸਕਦੀ ਹੈ ਜੇਕਰ ਪਹਿਲਾਂ ਕੁਝ ਮੁਖੀ ਉਹਨਾਂ ਨਾਲ ਵਿਸ਼ਵਾਸ਼ ਸਾਂਝਾ ਕਰਨ । ਉਹ ਪੰਥਕ ਏਕਤਾ ਦੇ ਦਿਲੋਂ ਇਛਕ ਹਨ ਪਰੰਤੂ ਦੂਜੀ ਧਿਰ ਵੀ ਸੱਚੇ ਦਿਲੋਂ ਸਹਿਯੋਗ ਦੇਵੇ । ਨਿਸਚੇ ਹੀ ਸ: ਕਪੂਰ ਸਿੰਘ ਇਸ ਕਾਰਜ ਵਿਚ ਸਹਾਈ ਹੋ ਸਕਦੇ ਹਨ । ਜੋ ਤਜਵੀਜ਼ ਪੰਥਕ ਏਕਤਾ ਲਈ ਉਹਨਾਂ ਆਪਣੇ ਲੇਖ ਵਿਚ ਪੇਸ਼ ਕੀਤੀ ਹੈ ਉਹਨੂੰ ਸਵੀਕਾਰ ਕਰਨ ਵਿਚ ਕੋਈ ਇਤਰਾਜ਼ ਨਹੀਂ ਹੋ ਸਕਦਾ । ਲੋੜ ਕੇਵਲ ਸਬਰ ਨਾਲ ਨਿਰਪੱਖ ਹੋ ਕੇ ਉਦਮ ਕਰਨ ਦੀ ਹੈ ।

ਅੰਤ ਵਿਚ ਮੈਂ ਕਹਾਂਗਾ ਕਿ ਕੌਮ ਦੇ ਵਕਾਰ ਨਾਲ ਹੀ ਸਾਡਾ ਤੇ ਆਗੂਆਂ ਦਾ

Sri Satguru Jagjit Singh Ji eLibrary NamdhariElibrary@gmail.com

ਵਕਾਰ ਹੈ । ਜਦੋਂ ਚਤਰ ਤੇ ਕਮੀਨੇ ਦੁਸ਼ਮਨ ਨਾਲ ਵਾਸਤਾ ਪੈ ਜਾਵੇ ਤਾਂ ਸੱਚ, ਇਖਲਾਕ ਤੇ ਕੁਰਬਾਨੀ ਦਾ ਹਥਿਆਰ ਅਪਣਾਉਣਾ ਹੀ ਉਚਿਤ ਹੈ । ਮੇਰੀ ਸਿਖ ਆਗੂਆਂ ਨੂੰ ਪਰਾਰਥਨਾ ਹੈ ਕਿ ਉਹ ਸਾਂਝੀ ਲੀਡਰਸ਼ਿਪ ਉਤਪਨ ਕਰਨ ਲਈ ਨਿਝੀ ਵਕਾਰ ਨੂੰ ਤਲਾਂਜਲੀ ਦੇ ਕੇ ਕੌਮੀ ਹਿਤਾਂ ਨੂੰ ਪਰਮੁਖ ਰੱਖਣ ਨਹੀਂ ਤਾਂ ਇਤਿਹਾਸ ਸਾਨੂੰ ਮੁਆਫ ਨਹੀਂ ਕਰੇਗਾ ।

ਮੈਨੂੰ ਇਹ ਵੀ ਨਿਸਚਾ ਹੈ ਕਿ ਵਰਤਮਾਨ ਦਸ਼ਾ ਵਧੇਰੇ ਚਿਰ ਨਹੀਂ ਰਹੇਗੀ ਕਿਉਂਕਿ ਕੌਮ ਵਿਚ ਆਪਣੇ ਵਿਅਕਤਿਤੱਵ ਨੂੰ ਸਥਿਰ ਰੱਖਣ ਦਾ ਭਾਵ ਤੇ ਸਾਹਸ ਹੈ । ਕੌਮ ਵਿਚ 'ਪੰਥ-ਪਿਆਰ' ਜੀਵਤ ਹੈ ਜਿਸ ਦੀ ਪ੍ਰਫੁਲਤਾ ਲਈ ਯੋਗ ਲੀਡਰਸ਼ਿਪ ਦੀ ਬਾਰਸ਼ੇ-ਰਹਿਮਤ ਨਿਕਟ ਭਵਿਖਤ ਵਿਚ ਅਵਸ਼ ਹੋਵੇਗੀ ।

ਭਰਪੂਰ ਸਿੰਘ ਪ੍ਰਿੰਸੀਪਲ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਚਹੁੰ ਜੁਗਾਂ ਦਾ ਨਬੇੜਾ
ਅਤੇ
ਖਾਲਸਾ ਪੰਥ ਦੀ
ਹੋ ਰਹੀ ਦੁਰਦਸ਼ਾ

ਅੱਜ ਪੰਥ ਦੀ ਜੋ ਦੁਖਦਾਇਕ ਦਸ਼ਾ ਹੈ, ਉਸਨੂੰ ਸਿਆਣੇ ਸਿਖ, ਪੰਥ ਦਰਦੀ ਅਤੇ ਬਾਹਰਲੇ ਲੋਕ ਵੀ ਬੜੀ ਤੀਬ੍ਰਤਾ ਨਾਲ ਅਨੁਭਵ ਕਰ ਰਹੇ ਹਨ ।

ਸਿਖ ਗੁਰਦਵਾਰਿਆਂ ਦਾ ਪ੍ਰਬੰਧ ਪੰਥ ਦੇ ਹੱਥਾਂ ਵਿਚ ਲਿਆਉਣ ਲਈ ਸਿਖਾਂ ਨੇ ਦਸ ਬਾਰਾਂ ਸਾਲ, ਵਡੀਆਂ ਮਹਾਨ ਕੁਰਬਾਨੀਆਂ ਕੀਤੀਆਂ ਅਤੇ ਪਿਛਲੇ 40 ਸਾਲਾਂ ਤੋਂ ਸਿਖ ਗੁਰਦਵਾਰੇ ਸਿਖ ਜਨਤਾ ਦੀ ਚੁਣੀ ਹੋਈ ਸ਼ਰੋਮਣੀ ਕਮੇਟੀ ਦੇ ਹੱਥ ਵਿਚ ਹਨ । ਜੋ ਸਿਟਾ ਨਿਕਲਿਆ ਹੈ ਉਹ ਸਭ ਦੇ ਸਾਹਮਣੇ ਹੈ । ਸਿਖੀ ਦੇ ਪ੍ਰਚਾਰ ਦੇ ਨਾਂ ਹੇਠਾਂ ਲਖਾਂ ਰੁਪਏ ਹਰ ਸਾਲ ਕਢੇ ਜਾਂਦੇ ਹਨ ਪਰ ਸਿਖੀ ਦੀ ਹਾਲਤ ਇਹ ਹੈ ਕਿ, ਸਿਖੀ ਦੇ ਗੜ੍ਹ, ਮਾਝੇ ਅਤੇ ਮਾਲਵੇ ਵਿਚ, ਲੋਕ ਪੰਥਕ ਸ਼ਰਧਾ ਅਤੇ ਸਿਖੀ ਰਹਿਤ ਬਹਿਤ ਨੂੰ ਤਿਲਾਂਜਲੀ ਦੇ ਰਹੇ ਹਨ । ਮਾਲਵੇ ਵਿਚ ਕੇਸਾਂ ਦੀ ਬੇਅਦਬੀ ਤੰਬਾਕੂ ਆਦਿ ਵਿਵਰਜਿਤ ਬਿਖਾਂ ਦਾ ਪ੍ਰਯੋਗ ਖੁਲਮ ਖੁਲਾ ਹੋ ਰਿਹਾ ਹੈ । ਅੱਧੇ ਤੋਂ ਵੱਧ ਇਤਿਹਾਸਕ ਗੁਰਦੁਆਰੇ ਅਸੀਂ ਪਾਕਿਸਤਾਨ ਨੂੰ ਖੁਹਾ ਬੈਠੇ ਹਾਂ, ਜਿਹੜੇ ਕਿ ਅਸੀਂ ਸੰਨ 1947 ਵਿਚ ਇਕ ਸਿਖ ਰਿਆਸਤ ਜਾਂ ਸਿਖਸਤਾਨ ਦੇ ਘੇਰੇ ਵਿਚ ਸ਼ਾਮਲ ਕਰ ਸਕਦੇ ਸਾਂ । ਬਾਕੀ ਰਹਿੰਦੇ ਗੁਰਦਵਾਰਿਆਂ ਵਿਚ ਸਿਖੀ ਪ੍ਰਭਾਵ ਅਤੇ ਸਿਖੀ ਰਹਿਤ ਬਹਿਤ ਦੀ ਪੱਧਰ ਇਤਨੀ ਨੀਵੀਂ ਹੋ ਗਈ ਹੈ ਕਿ ਸਿਖਾਂ ਦਾ ਭਲਾ ਚਾਹੁੰਣ ਵਾਲੇ ਗੈਰ ਸਿਖ ਭੀ ਸਿਖਾਂ ਦੇ ਰਵਈਏ ਉਤੇ ਖੂਨ ਦੇ ਹੰਝੂ ਕੇਰਦੇ ਹਨ । ਸ਼ਰੋਮਣੀ ਕਮੇਟੀ ਦੀ ਛਤਰ ਛਾਇਆ ਹੇਠ ਛਪਣ ਵਾਲਾ ਸਿਖ ਸਾਹਿਤ ਅਤੇ ਰਸਾਲੇ ਇਤਨੀ ਨੀਵੀਂ ਪੱਧਰ ਦੇ ਹੋ ਗਏ ਹਨ ਕਿ ਸਿਖਾਂ ਲਈ ਸ਼ਰਮ ਦਾ ਕਾਰਨ ਹਨ ਅਤੇ

Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਦੇ ਦੁਸ਼ਮਣਾਂ ਲਈ ਹਾਸੇ ਦਾ ਕਾਰਨ ਹਨ । ਜੇ ਮੈਂ ਇਹ ਕਹਾਂ ਕਿ ਧਰਮ ਤੋਂ ਬੇਮੁਖ, ਅਸ਼ਰਧਕ ਪ੍ਰਕਿਰਤੀ ਪੂਜ ਰਾਜਸੀ ਰੁਚੀਆਂ ਵਾਲੇ ਬੰਦੇ ਕਈ ਸਿਖ ਗੁਰਦਵਾਰਿਆਂ ਵਿਚ ਕਰਤਾ ਧਰਤਾ ਬਣੇ ਬੈਠੇ ਹਨ, ਤਾਂ ਸੰਤ ਫਤਿਹ ਸਿੰਘ ਜੀ ਅਤੇ ਮੇਰੇ ਮਿਤਰ ਸ: ਗੁਰਨਾਮ ਸਿੰਘ ਜੀ ਸ਼ਾਇਦ ਸਮਝਣ ਕਿ, ਮੈਂ ਉਨ੍ਹਾਂ ਦੇ ਮਿਤਰਾਂ ਅਤੇ ਸਾਥੀਆਂ, ਕਮਿਊਨਿਸਟਾਂ ਨੂੰ ਉਹਨਾਂ ਤੋਂ ਨਿਖੇੜਨਾ ਚਾਹੁੰਦਾ ਹਾਂ ।

ਸਿਖ ਰਾਜਨੀਤੀ ਦੀ ਵਰਤਮਾਨ ਦਸ਼ਾ ਦਾ ਇਹ ਹਾਲ ਹੈ ਕਿ, ਨਾਂ ਦਿੱਲੀ ਵਿਚ ਅਤੇ ਨਾਂ ਚੰਡੀਗੜ੍ਹ ਵਿਚ ਸਿਖ ਕਿਸੇ ਅਜਿਹੇ ਆਦਮੀ ਨੂੰ, ਵਿਧਾਨਕ ਸਭਾਵਾਂ ਵਿਚ ਵੋਟ-ਪਾਣ ਲਈ ਤਿਆਰ ਹਨ, ਜਿਸ ਦਾ ਵਿਦਿਅਕ ਪਿਛੋਕੜ, ਸੂਝ ਬੂਝ ਅਤੇ ਪੰਥਕ ਪਿਆਰ ਅਜਿਹਾ ਹੋਵੇ ਜਿਹੜਾ ਕਿ ਗੈਰ ਸਿਖਾਂ ਨੂੰ ਪ੍ਰਭਾਵਿਤ ਕਰ ਸਕੇ । ਜੇ ਕਦੇ ਸ਼੍ਰੋਮਣੀ ਕਮੇਟੀ, ਅਕਾਲੀ ਦੱਲ, ਅਤੇ ਸਾਡੇ ਵਿਧਾਨਕ ਨੁਮਾਇੰਦੇ ਉਨ੍ਹਾਂ ਮਖੌਲਾਂ, ਟਿਚਰਾਂ ਅਤੇ ਘ੍ਰਿਣਿਤ ਸੰਕੇਤਾਂ ਨੂੰ ਸੁਣ ਸਕਣ ਜਿਹੜੇ ਕਿ ਸਿਖਾਂ ਬਾਬਤ ਅੱਜ ਹਿੰਦੁਸਤਾਨ ਵਿਚ ਅਤੇ ਬਾਹਰਲੇ ਮੁਲਕਾਂ ਵਿਚ ਹੋ ਰਹੇ ਹਨ, ਤਾਂ ਉਹ ਆਪ ਹੀ ਚੱਪਣੀ ਵਿਚ ਨੱਕ ਡੋਬ ਕੇ ਨਾ ਮਰ ਜਾਣ, ਤਾਂ ਪਾਣੀ ਪਾਣੀ ਜ਼ਰੂਰ ਹੋ ਜਾਣ ।

ਸਿਖ ਸਾਰੇ ਹਿੰਦੁਸਤਾਨ ਵਿਚ ਅਤੇ ਸਾਰੇ ਸੰਸਾਰ ਵਿਚ ਇਕ ਮੰਨੀ ਪ੍ਰਮੰਨੀ ਪਹਾਣਦਾਰ [illegible] ਕੌਮ ਹੈ । ਸਿਖਾਂ ਵਿਚ ਇਤਿਹਾਸ ਦਾ ਮੁਖ ਮੋੜ ਦੇਣ ਦੀ ਸ਼ਕਤੀ ਹੈ । ਸਿਖਾਂ ਵਿਚ ਪ੍ਰਤੀਸ਼ਤ ਵਿਦਿਅਕ ਯੋਗਤਾ ਹਿੰਦੁਸਤਾਨ ਦੀਆਂ ਹੋਰ ਕੌਮਾਂ ਨਾਲੋਂ ਵਧ ਤਾਂ ਹੈ, ਪਰ ਘੱਟ ਕਿਸੇ ਕੋਲੋਂ ਨਹੀਂ । ਫਿਰ ਕੀ ਗਲ ਹੈ ਕਿ :-ਹਰ ਸ਼ਾਖ ਪੈਹ ਉਲੂ ਬੈਠਾ ਹੈ ।

ਇਸ ਦੇ ਦੋ ਕਾਰਨ ਹਨ । ਇਕ ਤਾਂ ਗੁਰਦਵਾਰਾ ਐਕਟ ਦਾ ਮੌਜੂਦਾ ਢਾਂਚਾ ਜਿਸ ਦੁਆਰਾ ਕਿ, ਦਾੜ੍ਹੀ ਮੁੰਨੇ, ਸ਼ਰਾਬ ਪੀਣੇ, ਸਿਗਰਟਾਂ ਪੀਣ ਵਾਲੇ, ਸਮਗਲਰ ਅਤੇ ਬਦਚਲਨ ਲੋਕ ਮਾਝੇ ਮਾਲਵੇ ਦੇ ਅਣਭੋਲ ਸਿਖਾਂ ਅਤੇ ਸਰਲ ਸੁਭਾ ਬੀਬੀਆਂ ਨੂੰ ਇਹ ਦਸਦੇ ਹਨ ਕਿ ਕਿਸ ਨੂੰ ਵੋਟ ਪਾ ਕੇ ਗੁਰਦਵਾਰਿਆਂ ਦਾ ਕਰਤਾ ਧਰਤਾ ਬਣਾਨਾ ਹੈ । ਇਸ ਤਰ੍ਹਾਂ ਚੁਣੇ ਹੋਏ ਗੁਰਦਵਾਰਿਆਂ ਦੇ ਸਰਬਰਾਹ ਪਿਛੋਂ, ਸਿਖ ਰਾਜਨੀਤੀ ਦੇ ਸਰਵੇਸਰਵਾ ਬਣ ਜਾਂਦੇ ਹਨ, ਅਤੇ ਉਹ ਫੈਸਲਾ ਕਰਦੇ ਹਨ, ਕਿ ਅਸੈਂਬਲੀ ਜਾਂ ਪਾਰਲੀਮੈਂਟ ਵਿਚ ਕੌਣ ਜਾਵੇ । ਜਿਹੜੇ ਗੁਰਮੁਖੀ ਦੇ ਅੱਖਰ ਸ਼ੁਧ ਲਿਖ ਤੇ ਪੜ੍ਹ ਨਹੀਂ ਸਕਦੇ, ਉਹ ਨਿਸਚਾ ਕਰਦੇ ਹਨ, ਕਿ ਸਿਖ ਧਰਮ ਉਤੇ ਕਿਹੜਾ ਗਰੰਥ ਅਤੇ ਕਿਹੜੀ ਵਿਆਖਿਆ ਪ੍ਰਵਾਣ ਹੈ, ਪੰਥ ਦਾ ਰਾਜਨੀਤਿਕ ਸਿਧਾਂਤ ਕੀ ਹੈ, ਤਖਤ ਦੀ ਪਦ ਪਦਵੀ ਕੀ ਹੈ ਅਤੇ ਉਸਨੂੰ ਕੌਣ ਨਿਰਮਤ ਕਰ ਸਕਦਾ ਹੈ । ਸ਼ਹੀਦ ਕੌਣ ਹੈ ਗੁਰੂ ਗਰੰਥ ਸਾਹਿਬ ਦੀ ਬਾਣੀ ਦੀ ਸੋਧ ਸੁਧਾਈ ਕਿਵੇਂ ਹੋਵੇ, ਸ੍ਰੀ ਦਰਬਾਰ ਸਾਹਿਬ ਦੇ ਦੈਵੀ ਮੰਡਲ ਵਿਚ ਕਿਹੜਾ ਸਮਾਰਕ ਅਤੇ ਯਾਦਗਾਰ ਸਥਾਪਤ ਕੀਤੀ ਜਾਵੇ, ਅਤੇ ਕੜਾਹ ਪ੍ਰਸ਼ਾਦ ਦਾ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਰਹੱਸ ਤੇ ਮਹੱਤਵ ਸਵਾ ਰੁਪਏ ਵਿਚੋਂ ਦਸਾਂ ਆਨਿਆਂ ਨਾਲ ਪੂਰਾ ਹੋ ਸਕਦਾ ਹੈ ਕਿ ਨਹੀਂ ।

ਹਾਲਤ ਇਹ ਹੈ ਕਿ ਸਿਖੀ, ਸਿਖ ਪੰਥ ਦਾ ਗੌਰਵ ਅਤੇ ਸਾਹਿਬ ਦਸਮ ਪਾਤਸ਼ਾਹ ਦਾ ਝੰਡਾ, ਗੁਰਦਵਾਰਾ ਐਕਟ ਨੇ ਇਉਂ ਖੁਆਰ ਕੀਤਾ ਹੈ, ਜਿਵੇਂ ਕਿ ਅਮੋਲਕ ਲਾਲ, ਹੀਰੇ, ਕਿਸੇ ਬਾਂਦਰ ਹੱਥ ਫੜਾ ਦਿਤੇ ਜਾਣ ਅਤੇ ਉਹ ਇਹਨਾਂ ਨੂੰ ਮੂੰਹ ਵਿਚ ਪਾ ਕੇ, ਬੇ ਸੁਆਦੇ ਸਮਝ ਕੇ, ਬਾਹਰ ਸੁਟ ਦੇਵੇ ।

ਦੁਨੀਆਂ ਭਰ ਦੇ ਬੁਧੀਵਾਨ ਹੈਰਾਨ ਤੇ ਦੁਖਿਤ ਹਨ, ਕਿ ਸਿਖਾਂ ਵਿਚ ਇਹ ਪ੍ਰਪਾਟੀ ਕਿਵੇਂ ਪੈ ਗਈ, ਕਿ ਧਰਮ ਤੇ ਰਾਜਨੀਤੀ ਵਰਗੇ ਮਹਾਨ ਵਿਸ਼ੇ, ਸਿਖ ਕੌਮ ਦੇ ਸਭ ਤੋਂ ਹੇਠਲੇ ਤਬਕੇ ਦੇ ਅਧੀਨ ਰਖੇ ਜਾਣ ।

ਦੁਨੀਆਂ ਦੇਖ ਰਹੀ ਹੈ ਕਿ ਸਿਖ ਆਪਣੀ ਮੌਤ ਨੂੰ ਵਾਜਾਂ ਮਾਰ ਰਹੇ ਹਨ ।

ਦੂਜਾ ਕਾਰਨ ਸਿਖਾਂ ਦੀ ਮੌਜੂਦਾ ਅਧੋਗਤੀ ਦਾ ਇਹ ਹੈ ਕਿ ਉਹ ਲੋਕ, ਜਿਨ੍ਹਾਂ ਦੇ ਹੱਥ ਸਿਖੀ ਦੀ ਲੀਡਰੀ ਦੀ ਵਾਗ ਡੋਰ ਆ ਗਈ ਹੈ ਉਹ ਇਹ ਸਮਝਦੇ ਹਨ ਕਿ ਜੀਵਨ ਦਾ ਸਭ ਤੋਂ ਉਚਾ ਨਿਸ਼ਾਨਾਂ ਅਤੇ ਬੁਧੀ ਦੀ ਉਚਤਮ ਸਿਖਰ ਇਹ ਹੈ ਕਿ ਗੁਰਦਵਾਰਿਆਂ ਉਤੇ ਕਬਜ਼ਾ ਕਰਕੇ ਚੌਧਰ ਬਣਾਈ ਜਾਵੇ । ਅਤੇ ਫਿਰ ਪਾਰਲੀਮੈਂਟ ਤੇ ਅਸੈਂਬਲੀਆਂ ਦੀਆਂ ਸੀਟਾਂ ਖੁਲ੍ਹੀ ਨਿਲਾਮੀ ਤੇ ਚਾੜ੍ਹੀਆਂ ਜਾਣ, ਅਤੇ ਧੰਨ ਦੌਲਤ ਇਕੱਠੀ ਕਰਕੇ, ਗਲਾਂ ਵਿਚ ਹਾਰ ਪੁਆਏ ਜਾਣ ਤੇ ਤਸਵੀਰਾਂ ਖਿਚਵਾਈਆਂ ਜਾਣ ਤੇ 'ਜ਼ਿੰਦਾਬਾਦ' ਦੇ ਨਾਹਰੇ ਲਗਵਾਏ ਜਾਣ । ਸਿਖ ਭੂਲ ਗਏ ਹਨ ਕਿ. ਲੰਕਾ ਗੜ ਸੋਨੇ ਕਾ ਭਇਆ, ਮੂਰਖ ਰਾਵਣ ਕਿਆ ਲੈ ਗਇਆ ।

ਪਿਛਲੇ ਚਾਲੀ ਸਾਲਾਂ ਵਿਚ ਸ: ਬਲਦੇਵ ਸਿੰਘ ਤੇ ਮਾਸਟਰ ਤਾਰਾ ਸਿੰਘ ਨਾਲੋਂ ਵਧ ਤਾਕਤਵਰ ਸਿਖ ਲੀਡਰ ਕੋਈ ਨਹੀਂ ਰਿਹਾ । ਸਰਦਾਰ ਬਲਦੇਵ ਸਿੰਘ ਜੀ ਦੇ ਮਰਨ ਤੋਂ ਦੋ ਦਿਨ ਪਹਿਲਾਂ ਮੈਂ ਉਹਨਾਂ ਨੂੰ ਮਿਲਿਆ ਅਤੇ ਪੰਥ ਦੀ ਰਾਜਨੀਤੀ ਬਾਰੇ ਗਲ ਬਾਤ ਕੀਤੀ ਇਸ ਗਲ ਦਾ ਸਾਰ ਅੰਸ਼ ਮੈਂ ਆਪਣੀ ਛਪ ਰਹੀ ਪੁਸਤਕ 'ਸਾਚੀ ਸਾਖੀ' ਵਿਚ ਦੇ ਚੁਕਾ ਹਾਂ । ਕਰੋੜਾਂ ਰੁਪਏ ਇਕਠੇ ਕਰਨ ਪਿਛੋਂ ਅਤੇ ਸਾਰੇ ਪੰਥ ਦਾ ਭਵਿਖ ਡੀਫੈਂਸ ਮਨਿਸਟਰੀ ਨਾਲ ਤੋਲਣ ਤੋਂ ਉਪਰੰਤ ਸਰਦਾਰ ਬਲਦੇਵ ਸਿੰਘ ਜੀ ਬੜੇ ਦੁਖੀ, ਮਾਯੂਸ ਅਤੇ ਨਿਰਾਸ ਮਨੁੱਖ ਸਨ । ਅਤੇ ਮੈਨੂੰ ਇਹ ਕਿਹੋ ਨੇ, ਮੈਂ ਥੋਨੂੰ ਪਾਗਲ ਸਮਝਦਾ ਹੁੰਦਾ ਸੀ । ਜਦੋਂ ਤੁਸੀਂ ਮੈਨੂੰ ਕਾਂਗਰਸ ਤੇ ਇਤਬਾਰ ਨਾ ਕਰਕੇ ਮੈਨੂੰ ਸਿਖਾਂ ਦਾ ਕੁਝ ਬਨਾਣ ਲਈ ਜ਼ੋਰ ਦੇਂਦੇ ਹੁੰਦੇ ਸੀ । ਜੇ ਓਦੋਂ ਪਤਾ ਹੁੰਦਾ ਇਨ੍ਹਾਂ ਕਾਂਗਰਸੀ ਸਾਲਿਆਂ ਨੇ ਸਾਡੇ ਨਾਲ ਇਉਂ ਕਰਨੀ ਹੈ, ਤਾਂ ਓਦੋਂ ਸਿਖਾਂ ਦਾ ਕੁਛ ਬਣਾ ਹੀ ਲੈਂਦੇ ।'

ਮਾਸਟਰ ਤਾਰਾ ਸਿੰਘ ਜੀ ਦੇ ਉਪਰੇਸ਼ਨ ਹੋਣ ਤੋਂ ਤਿੰਨ ਚਾਰ ਦਿਨ ਪਹਿਲਾਂ ਮੈਂ ਉਨ੍ਹਾਂ ਨੂੰ ਸਮਝਾਣ ਦਾ ਯਤਨ ਕਰ ਰਿਹਾ ਸੀ ਕਿ, ਸੰਨ 1947 ਤੋਂ ਪਹਿਲਾਂ ਜੇ ਕਦੀ ਸਿਖ ਲੀਡਰ ਇਹ ਪੋਜ਼ੀਸ਼ਨ ਨਾਂ ਲੈਂਦੇ ਕਿ. ਜੇ ਪਾਕਿਸਤਾਨ ਬਣੇ ਤੇ ਸਿਖ ਸਟੇਟ ਵੀ ਬਣਾਈ

Sri Satguru Jagjit Singh Ji eLibrary NamdhariElibrary@gmail.com

ਜਾਵੇ । ਅਤੇ ਇਹ ਮੰਗ ਕਰਦੇ ਕਿ, ਪਾਕਿਸਤਾਨ ਬਣੇ ਭਾਂਵੇ ਨਾਂ ਬਣੇ ਸਿਖ ਪੰਥ ਦੀ ਰਖਿਆ ਲਈ 'ਸਿਖ ਸਟੇਟ' ਜ਼ਰੂਰ ਬਣਾਈ ਜਾਵੇ, ਤਾਂ ਅੰਗਰੇਜ਼ਾਂ ਨੇ ਸਿਖਾਂ ਦਾ ਕੋਈ ਬਾਨ੍ਹਣੂੰ ਜ਼ਰੂਰ ਬੰਨ੍ਹ ਦੇਣਾ ਸੀ । ਜਦੋਂ ਮਾਸਟਰ ਤਾਰਾ ਸਿੰਘ ਜੀ ਮੇਰੀਆਂ ਦਲੀਲਾਂ ਨਾਲ ਕਾਇਲ ਹੋ ਗਏ, ਤਾਂ ਆਪਣੇ ਸਿਰ ਉਤੇ ਪੰਜ ਛੇ ਵਾਰ ਦੋਹਥੜ ਮਾਰਿਆ ਤੇ ਕਹਿਣ ਲਗੇ, ਉਸ ਵੇਲੇ ਸਾਡੇ ਸਿਰ ਉਤੇ ਨੈਸ਼ਨਲਿਜ਼ਮ ਚੜ੍ਹੀ ਹੋਈ ਸੀ । ਇਹ ਗੱਲ ਤਿੰਨ ਚਾਰ ਵਾਰ ਦੁਹਰਾਈ ਤੇ ਸਿਰ ਪਿਟਦੇ ਰਹੇ ।

ਜਿਹੜੇ ਸਿਖ ਅੱਜ ਇਹ ਸਮਝਦੇ ਹਨ, ਕਿ ਅਸੀਂ ਗੁਰਦਵਾਰਿਆਂ ਉਤੇ ਜਫਾ ਬਣਾਈ ਰਖਾਂਗੇ, ਅਸੀਂ ਪੂਜਾ ਦੇ ਧਾਨ ਨਾਲ ਜਾਂ ਫੇਰ ਵਜ਼ੀਰੀ ਦੀਆਂ ਕੁਰਸੀਆਂ ਤੇ ਬਹਿ ਕੇ ਮੌਜਾਂ ਮਾਣਾਂਗੇ ਉਨ੍ਹਾਂ ਦਾ ਅੰਤ ਸ: ਬਲਦੇਵ ਸਿੰਘ ਜੀ ਅਤੇ ਮਾਸਟਰ ਜੀ ਨਾਲੋਂ ਚੰਗੇਰਾ ਕਿਵੇਂ ਹੋ ਸਕਦਾ ਹੈ । ਉਹ ਅੰਤ ਨੂੰ ਨਿਰਾਸ ਹੋ ਕੇ ਪਛਤਾਂਦੇ ਹੀ ਇਸ ਆਸਾਹ ਸੰਸਾਰ ਨੂੰ ਤਿਆਗ ਜਾਣਗੇ । ਅਤੇ ਸਿਖੀ ਤੇ ਪੰਥ ਦੇ ਲਾਭਾਂ ਦੀ ਹਾਨੀ ਕਰਨ ਦਾ ਜਿਹੜਾ ਬੱਜਰ ਪਾਪ ਉਹ ਕਰ ਰਹੇ ਹਨ, ਉਸ ਪਾਪਾਂ ਦੀ ਪੰਡ ਨੂੰ ਸਿਰ ਤੇ ਚੁਕ ਕੇ ਹੀ ਉਹਨਾਂ ਨੂੰ ਅਗੇ ਜਾਣਾ ਪਵੇਗਾ । ਅਤੇ ਜਨਮ ਜਨਮਾਂਤਰ ਉਹ ਇਹਨਾਂ ਸੰਚਿਤ ਕਰਮਾਂ ਦੀ ਸਜ਼ਾ ਭੁਗਤਦੇ ਰਹਿਣਗੇ—'ਨੰਗਾ ਦੋਜਕ ਚਲਿਆ ਤਾਂ ਦਿਸੇ ਖਰਾ ਡਰਾਉਣਾ ।' ਸਿਖੀ ਵਰਗੇ ਮਹਾਨ ਧਰਮ ਅਤੇ ਦਸਮ ਪਾਤਸ਼ਾਹ ਦੇ ਸਾਜੇ ਹੋਏ ਪੰਥ ਵਰਗੀ ਦੁਰਲਭ, ਅਨਮੋਲ ਅਤੇ ਅਤੁਲ ਵਸਤੂ ਨੂੰ ਐਵੇਂ ਵੇਚ ਵਟ ਕੇ ਜਿਹੜੇ ਸਿਖ ਆਪਣੀ ਪ੍ਰਭੁਤਾ ਤੇ ਆਪਣੀ ਹੋਉਮੈਂ ਨੂੰ ਪ੍ਰਬਲ ਕਰਨ ਦੇ ਪਿਛੇ ਪਏ ਹੋਏ ਹਨ, ਉਹਨਾਂ ਨਾਲੋਂ ਘਟੀਆ, ਨੀਚ ਤੇ ਅਧਮ ਪੁਰਸ਼ ਹੋਰ ਕੌਣ ਹੋ ਸਕਦਾ ਹੈ ?

ਅੱਜ (30 ਮਾਰਚ) ਨੂੰ ਕੌਮੀ ਦਰਦ ਵਿਚ ਸੰਤ ਫਤਿਹ ਸਿੰਘ ਜੀ ਦਾ ਇਕ ਲੇਖ ਪੰਥਕ ਏਕਤਾ ਉਤੇ ਪੜ੍ਹਿਆ ਹੈ । ਪਿਛਲੇ ਦੋ ਤਿੰਨ ਮਹੀਨਿਆਂ ਦੇ ਅੰਦਰ ਮੈਨੂੰ ਸੰਤ ਜੀ ਆਪ ਮਿਲੇ ਹਨ ਅਤੇ ਉਨ੍ਹਾਂ ਦੇ ਨਿਕਟ ਵਰਤੀ ਭੀ ਮਿਲਦੇ ਰਹੇ ਹਨ । ਤਾਂ ਜੁ ਪੰਥਕ ਏਕਤਾ ਦੀ ਕੋਈ ਸਬੀਲ ਕੱਢੀ ਜਾਵੇ । ਮੈਂ, ਪੁਰਾਣੇ ਸ਼ਰੋਮਣੀ ਅਕਾਲੀ ਦੱਲ ਦੇ ਪ੍ਰਮੁਖ ਸਲਾਹਕਾਰ ਹੋਣ ਦੇ ਨਾਤੇ ਸੰਤ ਫਤਿਹ ਸਿੰਘ ਜੀ ਤੇ ਉਨ੍ਹਾਂ ਦੇ ਨਿਕਟਵਰਤੀਆਂ ਨੂੰ ਕਈ ਵਾਰ ਕਹਿ ਚੁਕਾ ਹਾਂ, ਕਿ ਪੰਥਕ ਏਕਤਾ ਦਾ ਆਧਾਰ ਔਹਦਿਆਂ ਦੀ ਵੰਡ ਪ੍ਰਵਾਨ ਨਹੀਂ । ਸਿਧਾਂਤ ਦੀ ਮਨੌਤੀ ਹੋਣੀ ਚਾਹੀਏ । ਜੇ ਸੰਤ ਫਤਿਹ ਸਿੰਘ ਜੀ ਤੇ ਉਨ੍ਹਾਂ ਦਾ ਅਕਾਲੀ ਦਲ ਇਹ ਦੋ ਅਸੂਲ ਪ੍ਰਵਾਨ ਕਰ ਲਵੇ ਕਿ, (1) ਸ਼ਰੋਮਣੀ ਅਕਾਲੀ ਦਲ, ਪੰਥ ਦੀ ਸਿਆਸੀ ਜਥੇਬੰਧੀ ਇਕ ਹੀ ਹੈ ਤੇ ਅਨੇਕ ਨਹੀਂ, ਅਤੇ (2) ਪੰਥ ਦਾ ਸਿਆਸੀ ਨਿਸ਼ਾਨਾ ਪੰਥ ਦੀ ਆਜ਼ਾਦ ਹਸਤੀ, ਅਤੇ ਖਾਲਸਾ ਜੀ ਕੇ ਬੋਲ ਬਾਲੇ ਸਥਾਪਤ ਕਰਨਾ ਹੈ, ਅਤੇ ਗੈਰ ਸਿਖਾਂ ਦੀ ਈਨ ਮੰਨਕੇ ਵਜ਼ੀਰੀ ਦੀਆਂ ਕੁਰਸੀਆਂ ਤੇ ਬੈਠਣਾ ਨਹੀਂ, ਤਦ ਪੁਰਾਣਾ ਅਕਾਲੀ ਦਲ ਕਿਸੇ ਔਹਦੇ ਜਾਂ ਹੋਰ ਪਦ ਪਦਵੀ ਦੀ ਮੰਗ ਆਪਣੇ ਮੈਂਬਰਾਂ ਵਾਸਤੇ ਨਹੀਂ ਕਰੇਗਾ । ਇਨ੍ਹਾਂ ਦੋ ਸਿਧਾਤਾਂ ਨੂੰ ਖੁਲਮ ਖੁਲਾ ਮੰਨਣ ਲਈ ਮੈਨੂੰ

Sri Satguru Jagjit Singh Ji eLibrary NamdhariElibrary@gmail.com

ਸੰਤ ਫਤਿਹ ਸਿੰਘ ਜੀ ਤੇ ਉਹਨਾਂ ਦੇ ਨਿਕਟਵਰਤੀ ਤਿਆਰ ਨਹੀਂ ਦਿਸੇ । ਦਲੀਲਾਂ ਇਹ ਦਿੱਤੀਆਂ ਜਾਂਦੀਆਂ ਹਨ, ਕਿ ਨਵਾਂ ਅਕਾਲੀ ਦਲ ਹੁਣ ਜੇਤੂ ਹੈ । ਇਸ ਲਈ ਸਾਰਿਆਂ ਨੂੰ ਇਸਦੀ ਚਰਨ ਸ਼ਰਨ ਆ ਜਾਣਾ ਚਾਹੀਦਾ ਹੈ । ਮੇਰਾ ਉੱਤਰ ਹੈ ਕਿ ਜੇ ਸੰਨ 1967 ਦੀਆਂ ਅਲੈਕਸ਼ਨਾਂ ਵਿਚ, ਜਿਥੇ ਕਿ ਪੰਜਾਹ ਸੀਟਾਂ ਅਸੈਂਬਲੀ ਦੀਆਂ ਅਕਾਲੀਆਂ ਨੇ ਲੈਣੀਆਂ ਸਨ, ਉਥੇ ਕੇਵਲ ਚੌਵੀ ਸੀਟਾਂ ਜਿਤ ਲੈਣਾ, ਅਤੇ ਅਜਿਹੇ ਮੈਂਬਰ ਜਿਤਾਣੇ ਜਿਨ੍ਹਾਂ ਵਿਚ ਕਿ ਸਿਕੇ ਬੰਦ ਅਕਾਲੀ ਔਖੇ ਲਭਣ ਅਤੇ ਜਿਨ੍ਹਾਂ ਚੌਵੀ ਮੈਂਬਰਾਂ ਚੋਂ ਹੁਣ ਦਰਜਨ ਤੋਂ ਕੁਝ ਵਧ ਹੀ ਅਕਾਲੀ ਪਾਰਟੀ ਵਿਚ ਰਹਿ ਗਏ ਹਨ, ਜੇ ਇਹ ਜਿਤ ਹੈ ਤਾਂ ਹਾਰ ਕਿਸਨੂੰ ਕਹਿੰਦੇ ਹਨ ? ਜਿਸ ਪਾਰਲੀਮੈਂਟ ਵਿਚ ਸਾਡੇ ਘਟੋ ਘੱਟ 8 ਮੈਂਬਰ ਹੋਣੇ ਚਾਹੀਦੇ ਸੀ ਉਥੇ ਕੇਵਲ ਤਿੰਨ ਹੀ ਲਿਆਉਂਣੇ ਅਤੇ ਉਹ ਜਿਨ੍ਹਾਂ ਦਾ ਰਾਜਨੀਤਕ ਪਿਛੋਕੜ ਸਿਫਰ ਹੈ, ਜੇ ਇਹ ਜਿਤ ਹੈ ਤਾਂ ਹਾਰ ਕਿਸ ਬਲਾ ਦਾ ਨਾਮ ਹੈ ? ਜਿਸ ਰਾਜ ਸਭਾ ਵਿਚ ਸਾਡੇ ਪੰਜ ਛੇ ਮੈਂਕਰ ਹੋ ਸਕਦੇ ਸਨ । ਉਥੇ ਕੇਵਲ ਤਿੰਨ ਬੈਠੇ ਹਨ, ਜਿਨ੍ਹਾਂ ਵਿਚੋਂ ਕਿ ਇਕ ਆਪਣੇ ਆਪਨੂੰ ਆਜ਼ਾਦ ਕਹਿੰਦਾ ਹੈ । ਅਤੇ ਅਸੀਂ ਆਪਣੀਆਂ ਵੋਟਾਂ ਨਾਲ ਜਨਸੰਘ ਦੇ ਮੈਂਬਰ ਰਾਜ ਸਭਾ ਵਿਚ ਭੇਜੇ ਹਨ, ਜਿਹੜੇ ਦਸਮ ਪਾਤਸ਼ਾਹ ਦੇ ਖਾਲਸਾ ਪੰਥ ਦੇ ਬੁਨਿਆਦੀ ਅਸੂਲਾਂ, ਨਿਸ਼ਾਨਿਆਂ ਦੇ ਕਟੜ ਵਿਰੋਧੀ ਹਨ । ਜੇ ਇਹ ਨਵੇਂ ਅਕਾਲੀ ਦਲ ਦੀ ਜਿਤ ਹੈ ਤਾਂ ਉਹਨਾਂ ਦੀ ਅਕਲ ਤੇ ਰੋਈਏ ਕਿ ਸਿਖਾਂ ਦੀ ਬਦਕਿਸਮਤੀ ਉਤੇ ?

ਜਿਸ ਅਕਾਲੀ ਦਲ ਨੇ ਸਿਖ ਵੋਟਰਾਂ ਨੂੰ ਇਸ ਰਾਹ ਉਤੇ ਤੋਰਿਆ ਕਿ ਪੰਥ ਦਾ ਸ੍ਵਾਸ ਸ੍ਵਾਸ ਭਲਾ ਲੋਚਣ ਵਾਲੇ ਮਨ, ਪੰਥ ਲਈ ਤਨ, ਮਨ,ਧਨ ਵਾਰਨ ਦਾ ਦਾਈਆ ਰੱਖਣ ਵਾਲੇ, ਅਤੇ ਸੋਝੀਵਾਨ ਪੰਥ ਸੇਵਕਾਂ ਨੂੰ ਦੁਰਕਾਰ ਕੇ ਸਿਖ ਰਾਜਨੀਤੀ ਵਿਚੋਂ ਕੱਢ ਸੁਟੋ ਅਤੇ .ਆਦਰਸ਼ਹੀਨ, ਅਸਿੱਖ ਰੁਚੀਆਂ ਵਾਲੇ ਤੇ ਮੌਕਾ ਪਰੱਸਤ ਲੋਕਾਂ ਨੂੰ ਨਿਵਾਜੋ, ਉਸ ਅਕਾਲੀ ਦਲ ਨੇ ਸਿਧਾਂਤ ਛਡਿਆ, ਪੰਥ ਹਰਾਇਆ ਤੇ ਧੀਰਮਲੀਆਂ ਵਾਂਗ ਹਰਿਮੰਦਰ ਦੇ ਬੂਹੇ ਗੁਰੂ ਤੇਗ ਬਹਾਦਰ ਲਈ ਬੰਦ ਕੀਤੇ । ਇਹ ਪੰਥ ਦੇ ਮੰਦੇ ਭਾਗ ਤੇ ਸਿਖਾਂ ਦੀ ਸਪਸ਼ਟ ਹਾਰ ਹੈ, ਜਿੱਤ ਕਿਸੇ ਹੋਰ ਦੀ ਹੋਵੇਗੀ ।

ਸੰਨ 1947 ਵਿਚ. ਜਦੋਂ ਦੇਸ਼ ਦਾ ਬਟਵਾਰਾ ਹੋਇਆ, ਤੇ ਹਿੰਦੂਆਂ ਤੇ ਮੁਸਲਮਾਨਾਂ ਨੇ ਹਿੰਦੁਸਤਾਨ ਦਾ ਰਾਜ ਭਾਗ ਸਾਂਭ ਕੇ ਸਿਖਾਂ ਨੂੰ ਬੇਦਖਲ ਕਰ ਦਿੱਤਾ, ਤਦ, ਅੰਗਰੇਜ਼ੀ ਦੇ ਪ੍ਰਸਿਧ ਅਖਬਾਰ, "ਸਟੇਟਸਮੈਨ" ਦਾ ਐਡੀਟਰ, ਈਅਨ ਸਟੀਫਨ ਨਾਮੀ, ਇਕ ਬੜਾ ਸੁਹਿਰਦ ਤੇ ਸਜਨ ਪੁਰਸ ਅੰਗਰੇਜ਼ ਸੀ । ਉਸ ਨੇ ਸਿਖਾਂ ਲਈ 'ਹਾ' ਦਾ ਨਾਹਰਾ ਮਾਰਿਆ ਸੀ ਤੇ ਇਸ ਗੁਨਾਹ ਦੇ ਬਦਲੇ ਨਹਿਰੂ ਨੇ ਉਸ ਨੂੰ ਹਿੰਦੁਸਤਾਨ ਛੱਡਣ ਤੇ ਮਜਬੂਰ ਕਰ ਦਿਤਾ ਸੀ । ਉਹ ਸੰਨ 1948 ਵਿਚ, ਇਕ ਚੰਗੇ ਚੰਗੇ ਸਿਆਣੇ ਸਿਖਾਂ ਦੀ ਮਹਿਫਲ ਵਿਚ ਪੁਛਣ ਲਗਾ :—

"ਅੱਵਲ ਤਾਂ ਸਿੱਖਾਂ ਵਿਚ ਕੋਈ ਯੋਗ ਤੇ ਚੰਗਾ ਪੜ੍ਹਿਆ ਲਿਖਿਆ ਸੋਝੀਵਾਨ, ਰਾਜਨੀਤੀ ਵਿਚ ਆਉਂਦਾ ਨਹੀਂ ਪਰ ਜੇ ਕੋਈ ਆ ਵੜੇ ਤਾਂ ਸਿਖ, ਬਾਕੀ ਕੰਮ ਛੱਡਕੇ, ਪਹਿਲਾਂ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਉਸ ਨੂੰ ਦੁਰਕਾਰ ਕੇ ਬਾਹਰ ਕੱਢ ਮਾਰਦੇ ਹਨ ਤੇ ਫੇਰ ਰੋਂਦੇ ਹਨ ਕਿ ਸਾਡੀ ਕੌਮ ਦਾ ਕੁਛ ਬਣਦਾ ਕਿਉਂ ਨਹੀਂ ?"

ਦੂਜੀ ਦਲੀਲ, ਜਿਹੜੀ ਕਿ ਮੈਨੂੰ ਦਿਤੀ ਗਈ, ਉਹ ਇਹ ਹੈ ਕਿ ਨਵੇਂ ਅਕਾਲੀ ਦਲ ਨੇ ਸਾਂਝਾ ਮੋਰਚਾ ਬਣਾ ਕੇ ਪੰਜਾਬ ਵਿਚ ਫਿਰਕੇਦਾਰੀ ਏਕਤਾ ਲੈ ਆਂਦੀ ਹੈ। ਜਿਸ ਵੇਲੇ ਹਿੰਦੁਸਤਾਨ ਦੀ ਬਹੁਗਿਣਤੀ, ਸਿਖ ਲੀਡਰਾਂ ਨਾਲ ਧਰੋਹ ਕਰਕੇ, ਪੰਥ ਦੇ ਜਮਾਂਦਰੂ ਹੱਕ, ਆਜ਼ਾਦ ਹਸਤੀ ਨੂੰ ਖਤਮ ਕਰ ਚੁਕੀ ਹੈ, ਉਸ ਬਹੁਗਿਣਤੀ ਨਾਲ ਏਕਤਾ ਤਾਂ ਤਦ ਹੀ ਹੋਣੀ ਚਾਹੀਏ, ਜਦੋਂ ਉਹ ਪੰਥ ਦਾ ਖੋਹਿਆ ਹੋਇਆ ਹੱਕ ਸਾਨੂੰ ਮੋੜ ਦੇਣ। ਜਨਸੰਘ ਤੋਂ ਇਹਨਾਂ ਦੋ ਸ਼ਰਤਾਂ ਤੇ ਸਮਝੌਤਾ ਕਰਨਾ ਕਿ ਸਿਖ ਹਿੰਦੀ ਨੂੰ ਪੰਜਾਬ ਦੀ ਵਿਸ਼ੇਸ਼ ਭਾਸ਼ਾ ਅਤੇ ਕੇਂਦਰ ਦੀ ਰਾਜ ਭਾਸ਼ਾ ਮੰਨਦੇ ਹਨ, ਅਤੇ ਸਿਖ ਕੇਵਲ ਪੰਥ ਦੇ ਵਿਸ਼ੇਸ਼ ਹਿਤਾਂ ਲਈ ਕਦੀ ਕੋਈ ਰਾਜਸੀ ਮੰਗ ਨਹੀਂ ਕਰਨਗੇ, ਇਹ ਫਿਰਕੇਦਾਰੀ ਏਕਤਾ ਹੈ ਕਿ ਬੁਜ਼ਦਿਲੀ, ਗ਼ਦਾਰੀ ਅਤੇ ਮੂਰਖਤਾ ਦੀ ਇੰਤਹਾ।

ਇਸ ਪ੍ਰਕਾਰ ਦੀਆਂ ਗੱਲਾਂ ਹੋ ਰਹੀਆਂ ਹਨ ਅਤੇ ਹੁਣ, ਜਦੋਂ ਕਿ ਸੰਨ 1947 ਤੋਂ ਪਿਛੋਂ [redacted] ਸਤਿਗੁਰਾਂ ਨੇ ਕੁਝ ਅਜਿਹਾ ਵਾਤਾਵਰਣ ਪੈਦਾ ਕਰ ਦਿਤਾ ਹੈ, ਕਿ ਜਿਸ ਦਾ ਆਸਰਾ ਲੈ ਕੇ ਸਿਖ ਪੰਥ ਮੁੜ ਆਪਣੇ ਪੈਰਾਂ ਤੇ ਖੜਾ ਹੋ ਸਕਦਾ ਹੈ ਅਤੇ ਫਿਰ ਧਰਮ ਅਤੇ ਦੇਸ਼ ਦੀ ਸੇਵਾ ਲਈ ਤੱਤਪਰ ਹੋ ਸਕਦਾ ਹੈ, ਤਦ ਸਾਡੇ ਧਰਮ ਤੇ ਸਾਡੀ ਰਾਜਨੀਤੀ ਉੱਤੇ ਇਸ ਕਿਸਮ ਦੇ ਵਿਚਾਰਾਂ ਤੇ ਰੁਚੀਆਂ ਦਾ ਦਬਾ ਪੈ ਚੁਕਾ ਹੈ ਜਿਹਨਾਂ ਦਾ ਮੰਤਵ ਤਾਂ ਭਾਂਵੇ ਇਹ ਨਾਂ ਹੋਵੇ ਪਰ ਨਤੀਜਾ ਇਹ ਹੋਵੇਗਾ, ਸਿਖ ਧਰਮ ਦਾ ਪਤਨ, ਸਿਖਾਂ ਦੀ ਖੁਆਰੀ ਅਤੇ ਸਿਖ ਪੰਥ ਦੀ ਦੁਰਦਸ਼ਾ।

ਸੋਚੋ ਤੇ ਸਮਝੋ। ਜੰਨ ਸੰਘ ਸਿਖਾਂ ਕੋਲੋਂ ਕੀ ਮੰਗਦੀ ਹੈ ? ਇਹ ਕਿ ਸਿਖ ਪੰਥ, ਸੁਤੰਤ੍ਰ ਭਾਰਤ ਵਿਚ ਕਿਸੇ ਰਾਜਸੀ ਹੱਕ ਦੀ ਮੰਗ ਨਾ ਕਰੇ ਅਤੇ ਹਿੰਦੂਆਂ ਨੂੰ ਇਸ ਦੀ ਪ੍ਰਭੂਸੱਤਾ ਦਾ ਇਕੋ ਇਕ ਵਾਰਸ ਮੰਨ ਲਵੇ। ਇਹ ਮੰਗ ਨਵੇਂ ਅਕਾਲੀ ਦਲ ਨੇ ਅਮਲੀ ਤੌਰ ਤੇ ਮੰਨ ਲਈ ਹੈ। ਇਹ "ਸੁਲਹ" ਜੋ ਜੰਨਸੰਘ ਨਾਲ ਹੋਈ ਹੈ, ਇਹ ਹਥਿਆਰ ਸਿੱਟ ਕੇ ਤੇ ਈਨ ਮੰਨ ਕੇ ਕੀਤੀ ਗਈ ਹੈ। ਇਹ ਪੰਥਕ ਰਾਜਨੀਤੀ ਹੈ ਕਿ ਕਾਇਰਤਾ ਤੇ ਗ਼ਦਾਰੀ ?

ਕੋਮਨਿਸਟ ਸਿਖਾਂ ਕੋਲੋਂ ਕੀ ਚਾਹੁੰਦੇ ਹਨ ? ਸਿਖ 'ਪੰਥ' ਦਾ ਨਾਹਰਾ, ਲਾ ਕੇ ਰਾਜਸੀ ਘੋਲ ਨਾ ਕਰਨ, ਆਰਥਿਕ ਨਿਸ਼ਾਨਿਆਂ ਲਈ ਜੂਝਣ ਤਾਂ ਜੁ ਸਿਖ ਅਰਸ਼ਾਂ ਵਿਚ ਉਡਣਾ ਛਡ ਕੇ, ਧਰਤੀ ਉਤੇ ਰੀਂਘਣ ਤੇ ਇਉਂ ਕਮਿਊਨਿਸਟਾਂ ਦੀ ਲੀਡਰਸ਼ਿਪ ਦੇ ਤਾਬਿਆ ਹੋ ਜਾਣ। ਇਹ ਗੱਲ ਨਵਾਂ ਅਕਾਲੀ ਦਲ ਮੰਨ ਗਿਆ ਹੈ, ਤੇ ਚਾਹ ਦੇ ਬਾਗਾਂ, ਬੈਂਕਾਂ ਦੇ ਕੌਮੀਕਰਣ ਨੂੰ ਪੰਥਕ ਨਿਸ਼ਾਨਾ ਕਹਿ ਰਿਹਾ ਹੈ। ਇਹ ਪੰਥਕ ਰਾਜਨੀਤੀ ਹੈ ਕਿ ਪੰਥ ਘਾਤਕ ਰਾਜਨੀਤੀ ?

ਜਿਤਨਾ ਚਿਰ ਇਹ ਵਿਚਾਰ ਧਾਰਾ ਛਡ ਨਹੀਂ ਦਿਤੀ ਜਾਂਦੀ, ਅਤੇ ਜਿਤਨਾਂ ਚਿਰ ਅਜੋਕੇ ਗੁਰਦਵਾਰਾ ਐਕਟ ਦੀਆਂ ਨੀਂਹਾਂ ਬਦਲ ਨਹੀਂ ਦਿਤੀਆਂ ਜਾਂਦੀਆਂ ਉਤਨਾਂ ਚਿਰ ਉਹ ਪੰਥ ਹਿਤੈਸ਼ੀ ਜੋ ਪੰਥ ਦਾ ਭਲਾ ਲੋਚਦੇ ਹਨ, ਸਿਵਾਏ ਦਸਮ ਪਾਤਸ਼ਾਹ ਦੇ ਹਜ਼ੂਰ ਅਰਦਾਸ ਕਰਨ ਦੇ, ਕਿ ਪੰਥ ਦਾ ਵਾਲੀ ਆਪ ਹੀ ਪੰਥ ਦੀ ਰਖਸ਼ਾ ਕਰੇ ਹੋਰ ਕਰ ਵੀ ਕੀ ਸਕਦੇ ਹਨ ?

Sri Satguru Jagjit Singh Ji eLibrary NamdhariElibrary@gmail.com

ਜਿਉਂ ਜਿਉਂ ਬਿਗਾਨੇ ਐਲਾਨ ਕਰਦੇ ਹਨ ਕਿ ਨਵੇਂ ਅਕਾਲੀ ਦਲ ਦੇ ਪ੍ਰਮੁਖ ਨੇਤਾ ਦੇ ਦਰਸ਼ਨ ਦੀਦਾਰੇ ਕਰਕੇ ਉਨ੍ਹਾਂ ਨੂੰ ਮਾਰਕਸ ਤੇ ਲੈਨਨ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ, ਯਾ ਉਨ੍ਹਾਂ ਨੂੰ ਭਗਵਾਨ ਸ਼ਿਵਸ਼ੰਕਰ ਦਾ ਰੂਪ ਨਦਰੀਂ ਆਉਂਦਾ ਹੈ, ਤਿਉਂ ਤਿਉਂ ਸਚੇ ਪੰਥਕ ਸੇਵਕਾਂ ਤੇ ਸੋਝੀਵਾਨ ਸਿਖਾਂ ਦੇ ਹਿਰਦੇ ਸਹਿਮ ਤੇ ਨਿਰਾਸਤਾ ਦਾ ਸ਼ਿਕਾਰ ਹੋ ਰਹੇ ਹਨ।

ਮਹੀਨਾ, ਡੇਢ ਮਹੀਨਾ ਹੋਇਆ ਅੰਬਾਲੇ ਦੇ "ਟਰੀਬਯੂਨ" ਅਖਬਾਰ ਵਿਚ ਨਵੇਂ ਅਕਾਲੀ ਦਲ ਤੇ ਪੁਰਾਣੇ ਅਕਾਲੀ ਦਲ ਦੀ, ਸ: ਗੁਰਨਾਮ ਸਿੰਘ ਜੱਜ ਤੇ ਗਿਆਨੀ ਭੂਪਿੰਦਰ ਸਿੰਘ ਰਾਹੀਂ ਇਸ ਗਲ ਤੇ ਬਹਿਸ ਚਰਚਾ ਚਲ ਪਈ ਸੀ ਕਿ ਪੰਥ ਨੂੰ ਸਿਖ ਹੋਮਲੈਂਡ ਅਥਵਾ ਸਿਖਸਤਾਨ ਦੀ ਪਰਾਪਤੀ ਲਈ ਜਦੋਜਹਿਦ ਕਰਨੀ ਚਾਹੀਦੀ ਹੈ ਕਿ ਨਹੀਂ ਖੁੰਧਰ ਸ: ਗੁਰਨਾਮ ਸਿੰਘ ਨੇ ਛੇੜੀ ਸੀ, ਇਹ ਕਹਿਕੇ 'ਸਿਖ ਹੋਮਲੈਂਡ ਦਾ ਮੂੰਹ ਸਿਰ ਹੀ ਕੋਈ ਨਹੀਂ। ਜੇ ਇਹ ਬਣ ਗਿਆ ਤਾਂ ਹਿੰਦੂ ਬੇਚਾਰੇ ਗੁਲਾਮ ਬਣ ਜਾਣਗੇ ਆਦਿ। ਗਿਆਨੀ ਭੂਪਿੰਦਰ ਸਿੰਘ ਨੇ ਬੜੇ ਠਰ੍ਹਮੇ ਨਾਲ ਇਹਨਾਂ ਨਘੋਚਾ ਦਾ ਉਤਰ ਦਿਤਾ, ਜੋ ਥੋਹੜਾ ਬਹੁਤ 'ਟਰੀਬਯੂਨ' ਨੇ ਛਾਪਿਆ ਤੇ ਬਾਕੀ ਨਾ ਛਾਪਿਆ, ਪਰੈਸ ਜੂ ਹਿੰਦੂ 'ਬੇਚਾਰਿਆਂ' ਦੇ ਹਥ ਵਿਚ ਹੋਇਆ। ਸ: ਗੁਰਨਾਮ ਸਿੰਘ ਦੀ ਇਸ ਪੁਛ ਦੇ ਉਤਰ ਵਿਚ ਕਿ ਆਜ਼ਾਦ ਹਿੰਦੁਸਤਾਨ ਵਿਚ ਸਿਖ ਖਾਂਦੇ ਪੀਂਦੇ ਮੌਜਾਂ ਕਰ ਰਹੇ ਹਨ, ਸਿਖ ਹੋਮਲੈਂਡ ਦੀ ਲੋੜ ਕੀ ਹੈ, ਗਿਆਨੀ ਭੂਪਿੰਦਰ ਸਿੰਘ ਨੇ ਲਿਖਿਆ, 'ਆਜ਼ਾਦ ਹਿੰਦੁਸਤਾਨ ਵਿਚ ਸਿਖ, ਬਤੌਰ ਪੰਥ ਦੇ, ਰਾਜਨੀਤੀ ਤੋਂ ਬੇਦਖਲ ਕਰ ਦਿਤੇ ਗਏ ਹਨ। ਪੰਥ ਦਾ ਨਿਸ਼ਾਨਾ ਧਰਮ ਦੀ ਰਖਿਆ ਤੇ ਸਿਖੀ ਦਾ ਪਸਾਰਾ ਕਰਨਾ ਹੈ ਤਾਂ ਜੁ ਹਿੰਦੁਸਤਾਨ ਦਾ ਤੇ ਸਾਰੇ ਸੰਸਾਰ ਦਾ ਕਲਿਆਣ ਹੋਵੇ। ਹਿੰਦੁਸਤਾਨ ਵਿਚ, ਸੈਕੂਲਰਇਜ਼ਮ, ਪਰਦੇ ਹੇਠਾਂ, ਅਧਰਮੀ ਰੁਚੀਆਂ ਪਹਿਲਾਂ ਹੀ ਪ੍ਰਬਲ ਹੋ ਚੁਕੀਆਂ ਹਨ। ਕਮਯੂਨਿਜ਼ਮ, ਜਿਹੜੀ ਕਿ ਧਰਮ ਦੀ ਸ਼ਤਰੂ ਪੰਥ ਦੀ ਵੈਰੀ ਹੈ, ਕਿਸੇ ਵੇਲੇ ਭੀ ਮੁਲਕ ਵਿਚ ਪਰਧਾਨ ਹੋ ਸਕਦੀ ਹੈ। ਇਸ ਲਈ, ਧਰਮ ਤੇ ਸਿਖੀ ਦੇ ਬਚਾਅ ਦਾ ਬਾਨ੍ਹਣੂੰ ਫੌਰਨ ਬੰਨ੍ਹਣਾ ਚਾਹੀਏ। ਸਿਖ ਹੋਮਲੈਂਡ ਦੀ ਮੰਗ ਦਾ ਮੂਲ ਕਾਰਨ ਇਹ ਹੈ। ਸ: ਗੁਰਨਾਮ ਸਿੰਘ ਨੇ ਉਤਰ ਵਿਚ ਲਿਖਿਆ, 'ਜਿਹੜੇ ਲੋਗ ਧਰਮ ਤੇ ਸਿਖੀ ਦੇ ਬਚਾਅ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਦੇ ਦਿਮਾਗ ਵਿਚ ਨੁਕਸ ਹੈ ਤੇ ਵਾਹੀ ਤਬਾਈ ਬਕੀ ਜਾਂਦੇ ਹਨ। ('Outpourings of a confused mind')

ਜਿਹੜਾ ਅਕਾਲੀ ਦਲ ਤੇ ਜਿਸਦੇ ਬੁਲਾਰੇ, ਰਾਟੀਕੀਨ ਵਕੀਲ 'ਧਰਮ' ਤੇ 'ਸਿਖੀ ਨੂੰ ਪਾਗਲਪੁਣਾ ਸਮਝਦੇ ਹਨ, ਉਹਨਾਂ ਹਰਨਾਕਸ਼ਾਂ ਨਾਲ, ਸਾਹਿਬ ਦਸਮ ਪਾਤਸ਼ਾਹ ਦੀ ਚਰਨ ਧੂੜ ਦੇ ਮੁਕਾਬਲੇ ਤੇ ਤਿੰਨਾਂ ਲੋਕਾਂ ਨੂੰ ਟਿੱਚ ਜਾਨਣ ਵਾਲੇ ਸਿਰ ਫਿਰੇ, ਪੰਥਕ ਏਕਤਾ ਤੇ ਮੇਲ ਕਰਨ ਤਾਂ ਕਿਸ ਨੁਕਤੇ ਉਤੇ ਕਰਨ? ਜੋ ਧਰਮ ਯੁੱਧ ਦੇ ਚਾਅ ਵਿਚ ਹਰ ਭੀੜ ਪਈ ਤੇ ਨੀਲੇ ਘੋੜੇ ਦੇ ਅਸਵਾਰ ਦੀ ਪ੍ਰਗਟ ਸਹਾਇਤਾ ਦੀ ਆਸ ਵਿਚ ਦ੍ਰਿੜ੍ਹ ਹੋ ਕੇ, ਪੰਥਕ ਘੋਲ ਵਿਚ ਜੂਝਣਾ ਚਾਹੁੰਦੇ ਹਨ, ਉਹ ਤੇਰਾ ਨੁਕਤੀਏ, ਸਾਂਝੇ ਮੋਰਚੇ ਦੇ ਪਹਿਲਵਾਨਾਂ ਅਤੇ ਕੁਰਸੀ ਪੂਜਾ ਸਾਹਮਣੇ ਹਥਿਆਰ ਕਿਵੇਂ ਸੁਟ ਦੇਣ?

ਨਵੀਨ ਹਿੰਦੂ ਜੰਨਸੰਘੀਏ ਕਹਿੰਦੇ ਹਨ ਕਿ, ਸਿਖ ਪੰਥ ਦੀ ਹੁਣ ਕੋਈ ਲੋੜ ਨਹੀਂ ਰਹੀ, ਕਿਉਂ ਜ ਰਾਜ ਭਾਗ ਹੁਣ ਹਿੰਦੂਆਂ ਦੇ ਹਥ ਆ ਚੁਕਾ ਹੈ। ਕਮਿਊਨਿਸਟ ਕਹਿੰਦੇ ਹਨ

Sri Satguru Jagjit Singh Ji eLibrary NamdhariElibrary@gmail.com

ਕਿ ਧਰਮ ਮੂਲੋਂ ਹੀ ਧੋਖਾ ਹੈ ਅਤੇ ਇਸ ਨੂੰ ਧੋਖੇ ਨਾਲ ਖ਼ਤਮ ਕਰ ਦੇਣਾ ਚਾਹੀਦਾ ਹੈ । ਨਵਾਂ ਅਕਾਲੀ ਦਲ ਬਾਹਰੋਂ ਇਹ ਕਹਿੰਦਾ ਹੈ ਕਿ ਪੰਜਾਬੀ ਸੂਬਾ ਬਣ ਚੁਕਾ ਹੈ, ਹੁਣ ਪੰਥ ਦਾ ਰਾਜਸੀ ਪਰੋਗਰਾਮ ਹੋਰ ਕੋਈ ਨਹੀਂ, ਪਰ ਅੰਦਰੋਂ ਕਹਿੰਦਾ ਹੈ ਕਿ ਸਿਖਾਂ ਨੂੰ ਚਲਾਕੀ ਨਾਲ ਹੀ, ਹੁਣ ਹਿੰਦੂਆਂ ਦੀ ਹਾਂ ਵਿਚ ਹਾਂ ਕਹਿਕੇ, ਕੁਝ ਪ੍ਰਾਪਤੀ ਕਰਨੀ ਚਾਹੀਦੀ ਹੈ ।

ਪਰ ਨਾ ਤਾਂ ਇਹ ਸਿਖ ਰਾਜਨੀਤੀ ਹੈ ਅਤੇ ਨਾ ਖਾਲਸਾ ਪੰਥ ਦੀ ਰੀਤੀ । ਸਿਖੀ ਤਾਂ ਸਚ ਝੂਠ ਦਾ ਨਿਤਾਰਾ ਹੈ, ਤੇ ਖਾਲਸਾ ਪੰਥ ਨੇ, ਵੀਹਵੀਂ ਸਦੀ ਦੇ ਸੰਸਾਰ ਵਿਚ, ਚੌਂਹ ਜੁਗਾਂ ਦਾ ਨਬੇੜਾ ਕਰਨਾ ਹੈ ਜਿਵੇਂ ਕਿ ਗੁਰਵਾਕ ਹੈ । "ਚਹੁੰ ਜੁਗਾਂ ਦਾ ਹੁਣ ਹੋਇ ਨਿਬੇੜਾ"

ਇਹ ਚਹੁੰ ਜੁਗਾਂ ਦਾ ਨਿਬੇੜਾ, ਧਰਮ ਹੀਨ ਤੇ ਧਰਮ-ਸ਼ਤਰੂ ਲੋਕਾਂ ਦਾ ਜੁਲੀ ਚੁਕ ਬਣਕੇ ਅਤੇ ਜੰਨਸੰਘੀਆਂ ਤੇ ਕਮਿਊਨਿਸਟਾਂ ਦੀ ਈਨ ਮੰਨ ਕੇ. ਅਤੇ ਨਾਲ ਹੀ, 'ਅਕਾਲੀ ਦਲ' ਦੇ ਨਾਮ ਉਤੇ ਕਬਜ਼ਾ ਕਰਕੇ. ਸਿਖਾਂ ਕੋਲੋਂ 'ਪੰਥ' ਦੇ ਨਾਹਰੇ ਨਾਲ ਵੋਟ ਬਟੋਰ ਕੇ ਨਹੀਂ ਹੋਣਾ ।

ਇਸ਼ਕ ਨਗੀਨਾ ਸੋਈ ਸਮਝਣ. ਜੋ ਹੋਵਣ ਆਪ ਨਗੀਨੇ ।
ਇਸ਼ਕ ਮੁਸ਼ਕ ਦੀ ਸਾਰ ਕੀ ਜਾਨਣ, ਕਾਇਰ ਲੋਕ ਕਮੀਨੇ ।

ਹੇਠਾਂ ਮੈਂ ਉਸ ਐਲਾਨ ਦੀ ਨਕਲ ਦੇ ਰਿਹਾ ਹਾਂ ਜਿਹੜਾ ਕਿ ਸੰਤ ਫਤਹਿ ਸਿੰਘ ਜੀ ਦੇ ਕਹਿਣ ਤੇ ਮੈਂ ਪੰਜ ਹਫ਼ਤੇ ਹੋਏ, ਤਿਆਰ ਕੀਤਾ । ਤੇ ਫੈਸਲਾ ਇਹ ਸੀ ਕਿ ਸੰਤ ਫਤਿਹ ਸਿੰਘ ਜੀ, ਚੰਨਣ ਸਿੰਘ, ਜਥੇਦਾਰ ਤੁੜ, ਉਮਰਾ ਨੰਗਲ, ਗੋਂਗੋਆਣੀ ਅਤੇ ਟੌਹਰਾ ਜੀ ਇਸ ਉਤੇ ਦਸਖ਼ਤ ਕਰ ਦੇਣ ਤਦ ਪੁਰਾਣੇ ਅਕਾਲੀ ਦਲ ਦੇ ਸੰਚਾਲਕਾਂ ਤੇ ਲੀਡਰਾਂ ਦੇ ਦਸਖ਼ਤ ਕਰਨ ਦਾ ਜ਼ਿਮਾ ਲਿਆ ਜਾਂਦਾ ਹੈ । ਇਉਂ ਤੇ ਇਸ ਫਾਰਮੂਲੇ ਅਨੁਸਾਰ ਝਟ-ਪਟ ਪੰਥਕ ਏਖਤਾ ਕਰ ਲਈ ਜਾਵੇ । ਅਤੇ ਪੰਥ ਦੀ ਚੜ੍ਹਦੀ ਕਲਾ ਦੇ ਪਰੋਗਰਾਮ ਨੂੰ ਉਲੀਕ ਕੇ ਪੰਥ ਦੀ ਆਜ਼ਾਦ ਹਸਤੀ ਸਥਾਪਤ ਕਰਨ ਲਈ ਕਮਰ ਕੱਸੇ ਕੀਤੇ ਜਾਣ ।

ਅੱਜ ਮਹੀਨੇ ਤੋਂ ਉਪਰ ਹੋ ਗਿਆ ਹੈ, ਪਰ ਸੰਤ ਫਤਿਹ ਸਿੰਘ ਜੀ ਵਲੋਂ ਕੋਈ ਉਤਰ ਇਸ ਬਾਰੇ ਨਹੀਂ ਪੁਜਾ । ਸਾਹਿਬ ਦਸਮ ਪਾਤਸ਼ਾਹ ਸਿਖਾਂ ਦੇ ਹਿਰਦੇ ਸ਼ੁਧ ਕਰਨ ਅਤੇ ਪੰਥ ਦੀ ਰਖਿਆ ਤੇ ਪ੍ਰਭੂ ਸਤਾ ਦੇ ਰਾਹ ਦਿਖਾਉਣ ਇਹੋ ਮੇਰੀ ਬਾਰੰਬਾਰ ਅਰਦਾਸ ਹੈ ।

ਡੇਵੀ ਕਨਿੰਘਮ ਫਰੰਗੀਆਂ ਦੀ ਫੌਜ ਵਿਚ ਕਪਤਾਨ ਸੀ ਜਦੋਂ ਸਿੰਘਾਂ ਨੇ ਫੇਰੂ ਸ਼ਹਿਰ ਤੇ ਮੁਦਕੀ ਦੀਆਂ ਜੰਗਾਂ ਵਿਚ ਤੇਗ ਵਾਹੀ ਤੇ ਨੰਗੇ ਧੜ ਦੀ ਲੜਾਈ ਕਰਕੇ, 'ਸਿੰਘਾਂ ਮਾਰ ਕੇ ਕਟਕ ਮੁਕਾ ਦਿਤੇ ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ' ਜਿਸ ਨਾਲ, 'ਲੰਦਨ ਟਾਪੂਆਂ ਵਿਚ ਕੁਰਲਾਟ ਪਿਆ ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ । ਉਸ ਕਪਤਾਨ ਕਨਿੰਘਮ ਨੇ ਬੜੀ ਸ਼ਰਧਾ ਤੇ ਸਾਊਪੁਣੇ ਨਾਲ 'ਸਿਖਾਂ ਦੀ ਤਵਾਰੀਖ' ਨਾਮੀ ਕਿਤਾਬ ਲਿਖੀ ਸੀ, ਜਿਸ ਵਿਚ ਜੋ ਧਰੋਹ ਫਰੰਗੀਆਂ ਤੇ ਡੋਗਰਿਆਂ ਨੇ ਖਾਲਸਾ ਸਰਕਾਰ ਨਾਲ ਕਮਾਇਆ ਸੀ, ਉਹ ਨੰਗਾ ਕਰ ਦਿਤਾ ਸੀ । ਉਹ ਕਨਿੰਘਮ ਸਿਘਾਂ ਦੇ ਮਰਦਊਪੁਣੇ ਅਤੇ ਡੋਗਰੇ ਤੇ ਹਿੰਦੂ ਜਰਨੈਲਾਂ ਦੀ ਗ਼ਦਾਰੀ ਦਾ ਵਰਨਣ ਕਰਦਾ ਹੋਇਆ ਕਹਿੰਦਾ ਹੈ, 'ਇਕ ਸ਼ੇਰਾਂ ਦੀ ਫੌਜ ਦੀ ਗਧੇ ਜਰਨੈਲੀ ਕਰ ਰਹੇ ਸਨ ।'

ਖਾਲਸਾ ਇਹੋ ਲੀਲ੍ਹਾ ਹੁਣ ਵੀਹਵੀਂ ਸਦੀ ਵਿਚ ਫੇਰ ਕਿਉਂ ਰੁਚੀ ਬੈਠਾ ਹੈ ?

Prof. Dr. Harnam Singh Shan
Principal Project Investigator
U.G C. Research Project on Sikhism
605, Sector 16, Chandigarh.

Sri Satguru Jagjit Singh Ji eLibrary NamdhariElibrary@gmail.com

ਪੰਥਕ ਏਕਤਾ ਦਾ ਫਾਰਮੂਲਾ ਇਹ ਹੈ

ਅਸੀਂ ਪੰਥ ਦੇ ਤੁਛ ਸੇਵਕ, ਕੁਝ ਸਾਲਾਂ ਤੋਂ ਸ਼ਰੋਮਣੀ ਅਕਾਲੀ ਦਲ ਵਿਚ ਪਏ ਹੋਏ ਪਾਟਕ ਅਤੇ ਉਸ ਕਾਰਨ ਪੰਥਕ ਹਿਤਾਂ ਦੀ ਜੋ ਹਾਨੀ ਹੋਈ ਹੈ ਅਤੇ ਪੰਥ ਦੇ ਗੌਰਵ ਦਾ ਜੋ ਪਤਨ ਹੋਇਆ ਹੈ ਨੂੰ ਬੜੇ ਦੁਖਿਤ ਹਿਰਦੇ ਨਾਲ ਦੇਖ ਰਹੇ ਹਾਂ । ਸਾਡਾ ਇਹ ਦ੍ਰਿੜ ਮੱਤ ਹੈ ਕਿ ਸ਼ਰੋਮਣੀ ਅਕਾਲੀ ਦਲ ਦੀ ਅਖੰਡਤਾ ਨੂੰ ਪੁਨਰ ਸਥਾਪਤ ਕੀਤੇ ਬਿਨਾਂ, ਪੰਥ ਦੇ ਹਿਤਾਂ ਦੀ ਰਾਖੀ ਅਤੇ ਦੇਸ਼ ਦੀ ਉਨਤੀ ਵਿਚ ਢੁਕਵਾਂ ਭਾਗ ਲੈਣ ਦਾ ਉਪਰਾਲਾ ਸਿਖ ਕਰ ਨਹੀਂ ਸਕਦੇ । ਕਿਉਂ ਜੁ ਜਮੁਨਾ ਤੋਂ ਜਮਰੌਦ ਅਤੇ ਗਿਲਗਿੱਤ ਤੋਂ ਲਾਹੌਲ ਸਪਿਤੀ ਦੀਆਂ ਸੀਮਾਂ ਦੇ ਸਿਖ ਰਾਜ ਦੇ ਸੂਰਜ ਅਸਤ ਹੋਣ ਉਪ੍ਰੰਤ ਸ਼ਰੋਮਣੀ ਅਕਾਲੀ ਦਲ ਹੀ ਸਿਖਾਂ ਦੀ ਪ੍ਰਮਾਣਿਤ ਇਕੋ ਇਕ ਰਾਜਸੀ ਜਥੇਬੰਦੀ. ਲਗ ਪਗ ਅੱਧੀ ਸਦੀ ਤੋਂ ਚਲੀ ਆਉਂਦੀ ਹੈ ।

ਦਸਮ ਪਾਤਸ਼ਾਹ ਦਾ ਸਜਿਆ ਹੋਇਆ ਪੰਥ, ਪੰਥ ਦੇ ਵਾਲੀ ਦੇ ਹੁਕਮ ਅਨੁਸਾਰ ਇਕ ਜਨਮ ਸਿੱਧ ਸੁਤੰਤ੍ਰ ਜਾਤੀ ਤੇ ਸੰਘ ਹੈ, ਅਤੇ ਖਾਲਸਾ ਪੰਥ ਦਾ ਰਾਜਸੀ ਨਿਸ਼ਾਨਾ, ਦਰਬਾਰ ਸਾਹਿਬ ਹਰਿਮੰਦਰ ਦੇ ਦੁਆਰ ਉਤੇ ਉਕਰਿਆ ਹੋਇਆ, 'ਖਾਲਸਾ ਜੀ ਕੇ ਬੋਲ ਬਾਲੇ', ਜਗਤ ਬਿਖਆਤ ਹੈ । ਆਜ਼ਾਦ ਦੇਸ਼, ਆਜ਼ਾਦ ਪੰਥ, ਸੁਤੰਤ੍ਰ ਭਾਰਤ ਵਿਚ ਖਾਲਸੇ ਦੇ ਉਪਰੋਕਤ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਣਾਂ ਪ੍ਰਾਪਤੀ ਸ਼ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ ।

ਅਸੀਂ ਸ਼ਰੋਮਣੀ ਅਕਾਲੀ ਦਲ ਦੀ ਨਿਰੰਤਰ ਅਖੰਡਤਾ ਦੀ ਪੁਨਰ ਸਥਾਪਤੀ ਅਤੇ ਪੰਥ ਦੇ ਨਿਸ਼ਾਨੇ ਦਾ ਭਰਪੂਰ ਸਮਰਥਨ ਕਰਦੇ ਹੋਏ, ਬੇਨਤੀ ਕਰਦੇ ਹਾਂ ਕਿ ਦੁਫਾੜ ਹੋਏ ਸ਼ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸੰਚਾਲਕ, ਝਟਪਟ, ਪਰਸਪਰ ਸੰਮਤੀ ਨਾਲ, ਇਕ ਅਜੇਹੀ ਸਾਂਝੀ ਕਮੇਟੀ ਸਥਾਪਤ ਕਰਨ ਜਿਹੜੀ ਕਿ ਅਪਰੈਲ 1968 ਵਾਲੀ ਵੈਸਾਖੀ ਵਾਲੇ ਦਿਨ, ਮੰਜੀ ਸਾਹਿਬ ਅੰਮ੍ਰਿਤਸਰ ਇਕੱਠੇ ਹੋਏ ਦੀਵਾਨ ਵਿਚ, ਇਨ੍ਹਾਂ ਦੋਹਾਂ ਸਿਧਾਂਤਾਂ ਦੀ ਨੀਂਹ ਉਤੇ ਪੰਥਕ ਏਕਤਾ ਨੂੰ ਪਰਪੱਕ ਕਰਨ ਦਾ ਬਾਨ੍ਹਣੂੰ ਬੰਨ੍ਹੇ ।

ਪੰਥ ਦੇ ਦਾਸ

Sri Satguru Jagjit Singh Ji eLibrary NamdhariElibrary@gmail.com

ਛਾਪਕ : ਲੇਟੈਸਟ ਪ੍ਰਿੰਟਰਜ਼, ਨੇੜੇ ਰੋਜ਼ਾਨਾ ਹਿੰਦ ਸਮਾਚਾਰ ਜਲੰਧਰ, ਫ਼ੋਨ੬੪੫੦

Sri Satguru Jagjit Singh Ji eLibrary NamdhariElibrary@gmail.com